# ਅੰਮ੍ਰਿਤ ਕੀਰਤਨ

ਅੰਕ 8 ਸਾਲ ਪੰਜਵਾਂ ਅਗਸਤ, 1993

ਭਲੋ ਭਲੋ ਰੇ ਕੀਰਤਨੀਆ



# ਅੰਮ੍ਰਿਤ ਕੀਰਤਨ

ਅੰਕ 8 ਸਾਲ ਪੰਜਵਾਂ ਅਗਸਤ, 1993

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ
**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ–160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਗੁਰਬਾਣੀ ਕੀਰਤਨ ਤੇ ਇਸਦੀ ਮਹੱਤਤਾ 1
—ਸ. ਪੂਰਨ ਸਿੰਘ ਗਿੱਲ

2] ਸਾਥੀ ਰਬਾਬ ਦੀ 7
—ਪ੍ਰਿੰਸੀਪਲ ਸਤਿਬੀਰ ਸਿੰਘ

3] ਭਾਈ ਗੋਪਾਲ ਸਿੰਘ ਜੀ ਰਾਗੀ 10
—ਕੁਲਦੀਪ ਹਉਰਾ

4] ਕਮਾਲ ਦੇ ਕੀਰਤਨੀਏ ਭਾਈ ਬਖਸ਼ੀਸ ਸਿੰਘ 12
—ਹਰਜਿੰਦਰ ਸਿੰਘ ਮਛੈਲ

5] ਕੀਰਤਨ 14
ਕਾਲਾ ਸਿੰਘ ਬੇਦੀ

6] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਤੇ ਕਾਵਿ ਦਾ ਸੰਜੋਗ 16
—ਡਾ. ਤਾਰਨ ਸਿੰਘ

7] ਸ੍ਰੀ ਰਾਗੁ 19
—ਗਿਆਨ ਸਿੰਘ ਐਬਟਾਬਾਦ

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4–8–90 ਮਿਤੀ 20–2–91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

# ਗੁਰਬਾਣੀ ਕੀਰਤਨ ਅਤੇ ਇਸ ਦੀ ਮਹੱਤਤਾ

ਸ: ਪੂਰਨ ਸਿੰਘ ਗਿੱਲ ਐ. ਏ. ਬੀ. ਲਿਬ.

ਐ. ਸੀ. ਵੈਨਕੂਨਰ, ਕਨੇਡਾ

ਕੀਰਤਨ ਦੇ ਅੱਖਰੀ ਅਰਥ ਹਨ ਪ੍ਰਭੂ ਜਾਂ ਵਾਹਿਗੁਰੂ ਦਾ ਕਰਨਾ, ਕੀਰਤ ਕਰਨੀ। ਸਿੱਖ ਧਰਮ ਵਿੱਚ ਕੀਰਤਨ ਰਾਗਾਂ ਦੀਆਂ ਰੀਤਾਂ ਵਿੱਚ ਕਿਸੇ ਸਾਜ਼ ਦੀ ਸਹਾਇਤਾ ਨਾਲ ਗੁਰਬਾਣੀ ਨੂੰ ਗਾਉਣਾ ਹੈ ਅਤੇ ਮਨ ਨੂੰ ਟੁੰਬਣ ਲਈ ਜ਼ਰੂਰੀ ਹੈ ਕਿ ਕੀਰਤਨ ਕਰਨ ਸਮੇਂ ਸੁਰ ਤਾਲ ਦਾ ਪੂਰਾ ਖਿਆਲ ਰੱਖਿਆ ਜਾਵੇ। ਕੀਰਤਨ ਜਾਂ ਸੰਗੀਤ ਦੁਆਰਾ ਭਗਤੀ ਕਰਨ ਦੀ ਵਿਧੀ ਬਹੁਤ ਪੁਰਾਤਨ ਹੈ, ਅਤੇ ਪ੍ਰਵਾਨਿਤ ਰਵਾਇਤ ਹੈ ਕਿ ਸੰਗੀਤ ਅਤੇ ਸਾਜ਼ਾਂ ਨੂੰ ਸੰਤਾਂ ਜਾਂ ਭਗਤਾਂ ਨੇ ਹੀ ਈਜ਼ਾਦ ਕੀਤਾ। ਸਭ ਧਰਮਾਂ ਵਿੱਚ ਆਪਣੇ ਆਪਣੇ ਢੰਗਾਂ ਰਾਹੀਂ ਸੰਗੀਤ ਸਾਜਾਂ ਦੁਆਰਾ ਆਮ ਵਰਤੋਂ ਵਾਲੇ ਸੰਗੀਤ ਨਾਲੋਂ ਵੱਖਰਾ ਹੁੰਦਾ ਹੈ।

ਸਿੱਖ ਧਰਮ ਵਿੱਚ ਵੀ ਗੁਰਮਤਿ ਸੰਗੀਤ ਦੀ ਵਿਧੀ ਗੁਰੂ ਸਾਹਿਬਾਨਾਂ ਨੇ ਵੱਖਰੀ ਬਣਾਈ ਸੀ, ਪਰ ਅਫ਼ਸੋਸ ਕਿ ਅੱਜ ਕਲ੍ਹ ਦੇ ਕੁਝ ਰਾਗੀ ਕਹਾਉਣ ਵਾਲੇ ਗੁਰਬਾਣੀ ਸੰਗੀਤ ਵਿੱਚ ਫਿਲਮੀ ਧੁਨਾਂ ਘੁਸੇੜ ਦਿੰਦੇ ਹਨ ਜਿਸ ਨਾਲ ਮਨ ਟਿਕਾਉ 'ਚ ਆਉਣ ਦੀ ਥਾਂ ਥਿੜਕ ਜਾਂਦਾ ਹੈ। ਹਿੰਦੂ ਧਰਮ ਵਿੱਚ ਨਾਚ ਅਤੇ ਸੰਗੀਤ ਦੁਆਰਾ ਭਗਤੀ ਨੂੰ ਕਾਫੀ ਮਹੱਤਤਾ ਦਿੱਤੀ ਜਾਂਦੀ ਸੀ ਅਤੇ ਕੀਰਤਨ ਭਗਤੀ ਹੀ ਪ੍ਰਧਾਨ ਸੀ। ਪਰ ਹੌਲੀ ਹੌਲੀ ਨਾਚ ਅਤੇ ਸੰਗੀਤ ਵਾਲਿਆਂ ਦੀ ਇਕ ਪੇਸ਼ਾਵਰ ਜਮਾਤ ਬਣ ਜਾਣ ਕਾਰਨ ਕੀਰਤਨ-ਭਗਤੀ ਅਸਲ ਨਿਸ਼ਾਨੇ ਤੋਂ ਉਕੜ ਕੇ ਸਿਰਫ ਇੱਕ ਵਿਖਾਵਾ ਅਤੇ ਸਰੀਰਕ ਪ੍ਰਦਰਸ਼ਨੀ ਤੱਕ ਹੀ ਸੀਮਤ ਹੋ ਗਈ, ਉਪਰੰਤ ਇੱਕ ਤਮਾਸ਼ਾ ਜਿਹਾ ਬਣ ਗਿਆ। ਇਹੋ ਜਿਹੇ ਨਾਚਾਂ ਅਤੇ ਸੰਗੀਤ ਦੇ ਰੌਲੇ ਵਿੱਚ ਗੁਆਚੀ ਪ੍ਰਭੂ-ਭਗਤੀ ਦਾ ਦ੍ਰਿਸ਼ ਸ੍ਰੀ ਗੁਰੂ ਨਾਨਕ ਦੇਵ ਜੀ ਚਿਤ੍ਰਦੇ ਹਨ-

ਵਾਇਨਿ ਚੇਲੇ ਨਚਨਿ ਗੁਰ॥<br>
ਪੈਰ ਹਲਾਇਨਿ ਫੇਰਨਿ ਸਿਰ॥<br>
ਉਡਿ ਉਡਿ ਰਾਵਾ ਝਾਟੈ ਪਾਇ॥<br>
ਵੇਖੈ ਲੋਕੁ ਹਸੈ ਘਰਿ ਜਾਇ॥ (565)

ਭਾਵ-ਸਿਰਫ ਨਾਚ ਅਤੇ ਸਰੀਰਕ ਦਿਖਾਵਾ ਹੀ ਸੀ। ਲੋਕ ਤਮਾਸ਼ਾ ਸਮਝ ਕੇ ਦੇਖਦੇ ਅਤੇ ਹੱਸਦੇ- ਹੱਸਦੇ ਘਰੀਂ ਚਲੇ ਜਾਂਦੇ।

ਸਿੱਖ ਧਰਮ ਦੀ ਅਸਥਾਪਨਾ ਨਾਲ ਹੀ ਸੰਗੀਤ ਦੀ ਯੋਗ ਵਰਤੋਂ ਹੋਈ, ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁੜ ਕੀਰਤਨ-ਭਗਤੀ ਨੂੰ ਸੁਰਜੀਤ ਕੀਤਾ ਅਤੇ ਪੂਰੀ ਤਰ੍ਹਾਂ ਸਵੀਕਾਰਿਆ ਅਤੇ ਪ੍ਰਚਾਰਿਆ। ਕਲਜੁਗ ਦੇ ਅੰਦਰ ਆ ਕਰ ਗੁਰੂ ਬਾਬੇ

ਨੇ ਭਾਰਤੀ ਸਮਾਜ ਦੀ ਕਾਇਆ ਪਲਟ ਦਿਤੀ ਅਤੇ ਕੁਰਾਹੇ ਪੈ ਚੁਕਿਆਂ ਸਭ ਵਰਗਾਂ ਦੇ ਲੋਕਾਂ ਨੂੰ ਹਲੂਣਾ ਦਿੱਤਾ। ਅਜੇਹੇ ਵਿਗੜ ਚੁਕੇ ਸਮਾਜ ਦੀ ਨਵੇਂ ਸਿਰਿਓਂ ਉਸਾਰੀ ਕਰਨੀ ਸੁਖੈਨ ਕਾਰਜ ਨਹੀਂ ਸੀ, ਪਰ ਜਦੋਂ ਰਬਾਬੀ ਸੰਗੀਤ ਨਾਲ ਇਲਾਹੀ ਬਾਣੀ ਨੂੰ ਗਾਇਨ ਕੀਤਾ ਤਾਂ ਰੋਗੀਆਂ ਦੇ ਰੋਗ, ਪਾਪੀਆਂ ਦੇ ਪਾਪ, ਤੜਪਦਿਆਂ ਦੀ ਤੜਪ ਅਤੇ ਜਾਬਰਾਂ ਦੇ ਜ਼ੁਲਮ ਅਲੋਪ ਹੋ ਗਏ, ਜਨਤਾ ਨੂੰ ਸੁਖ ਦਾ ਸਾਹ ਆਇਆ। ਪ੍ਰਭੂ-ਉਸਤਤੀ, ਪ੍ਰਭ-ਜਸ ਕਰਨਾ, ਉਪਰੰਤ ਕੀਰਤਨ ਮੱਨੁਖ ਦੀ ਅਮੋਲਕ ਖੁਰਾਕ ਹੈ। ਜਿਸ ਤਰ੍ਹਾਂ ਗੁਰਵਾਕ ਹੈ:

''ਕਹੁ ਨਾਨਕ ਸੁਨ ਰੇ ਮਨਾ ਕਰਿ ਕੀਰਤਨ ਹੋਇ ਉਧਾਰਿ॥''

ਭਾਵ ਕੀਰਤਨ ਵਿੱਚ ਉਹ ਸ਼ਕਤੀ ਹੈ ਜਿਸ ਰਾਹੀਂ ਇਨਸਾਨ ਦਾ ਮਨ ਕਾਬੂ ਕੀਤਾ ਜਾ ਸਕਦਾ ਹੈ ਅਤੇ ਜਦੋਂ ਕਾਬੂ ਹੋ ਗਿਆ ਤਾਂ ਪ੍ਰਭੂ ਨਾਲ ਇੱਕ ਸੁਰ ਹੋਣ ਸੁਖੈਨ ਹੋ ਜਾਂਦਾ ਹੈ, ਅਤੇ ਜਦੋਂ ਪ੍ਰਭੂ ਨਾਲ ਸੁਰ ਮਿਲ ਗਈ ਤਾਂ ਜਨਮ ਜਨਮਾਤਰਾਂ ਦੇ ਪਾਪ ਧੋਤੇ ਜਾਂਦੇ ਹਨ। ਇਹ ਤਦ ਹੀ ਸੰਭਵ ਹੈ ਕਿ ਵਾਹਿਗੁਰੂ ਦੀ ਉਸਤਤੀ ਜਾਂ ਕੀਰਤੀ ਹੋਵੇ। ਜਿਸ ਤਰ੍ਹਾਂ ਜਪੁਜੀ ਦੀ ਬਾਣੀ ਵਿੱਚ ਫੁਰਮਾਨ ਹੈ-

ਗਾਵੀਐ ਸੁਣੀਐ ਮਨਿ ਰਖੀਐ ਭਾਉ॥

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥

ਫਿਰ ਇਨਸਾਨ ਦੁਖਾਂ ਤੋਂ ਛੁਟਕਾਰਾ ਪਾ ਕਰ ਸੁਖਾਂ ਦੀ ਪ੍ਰਾਪਤੀ ਕਰ ਸਕੇਗਾ।

ਜਿਸ ਤਰ੍ਹਾਂ ਪਹਿਲਾਂ ਵਰਣਨ ਕੀਤਾ ਗਿਆ ਹੈ ਕਿ ਹਿੰਦੂ ਧਰਮ ਵਿੱਚ ਕੀਰਤਨ-ਭਗਤੀ ਪ੍ਰਥਾ ਜਾਂ ਵਿਧੀ ਪੁਰਾਤਨ ਹੈ ਅਤੇ ਮੱਧ ਯੁਗ ਦੇ ਸਭ ਭਗਤਾਂ ਅਤੇ ਸੰਤਾਂ ਨੇ ਕੀਰਤਨ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਅਤੇ ਖ਼ੁਦ ਕਿਸੇ ਨਾ ਕਿਸੇ ਸਾਜ ਨਾਲ ਕੀਰਤਨ ਲਗਤੀ ਦੇ ਰਸ ਨੂੰ ਚੱਖਿਆ। ਭਗਵਤ ਗੀਤਾ ਅਤੇ ਹੋਰ ਪੁਰਾਣਕ ਗ੍ਰੰਥਾਂ ਵਿੱਚ ਕੀਰਤਨ ਦੀ ਮਹਿੰਮਾ ਨੂੰ ਅੰਕਿਤ ਕੀਤਾ ਗਿਆ ਹੈ। ਇੱਕ ਪ੍ਰਸੰਗ ਵਿੱਚ ਲਿਖਿਆ ਹੈ ਕਿ-

ਸਤਿਯੁਗ ਵਿੱਚ ਭਗਵਾਨ ਦਾ ਧਿਆਨ ਕਰਨ ਨਾਲ, ਤ੍ਰੇਤਾ ਯੁਗ ਵਿੱਚ ਵੱਡੇ ਵੱਡੇ ਯੱਗਾਂ ਰਾਹੀਂ ਅਰਾਧਨਾ ਕਰਨ ਨਾਲ ਅਤੇ ਦੁਆਪਰ ਯੁਗ ਵਿਚ ਵਿਧੀਪੂਰਬਕ ਪੂਜਾ ਸੇਵਾ ਨਾਲ ਜੋ ਫਲ ਹੁੰਦਾ ਉਹ ਕਲਿਯੁਗ ਵਿੱਚ ਕੀਰਤਨ ਕਰਨ ਨਾਲ ਪ੍ਰਾਪਤ ਹੁੰਦਾ ਹੈ।

ਇਸ ਤੋਂ ਭਲੀ ਭਾਂਤ ਸਪਸ਼ਟ ਹੈ ਕਿ ਕਲ਼ਿਯੁਗ ਅੰਦਰ ਮੱਨੁਖੀ ਜੀਵਨ ਦੇ ਪਾਰ ਉਤਾਰੇ ਲਈ ਪਸ਼ੂ ਬਿਰਤੀ ਨੂੰ ਮਾਨਵ ਬਿਰਤੀ ਵਿੱਚ ਬਦਲਣ, ਅਤੇ ਅਗੰਮੀ ਜੋਤਿ ਨਾਲ ਇਕ ਸੁਰ ਹੋ ਕੇ ਸਦੀਵ ਸੁਖ ਅਤੇ ਅਨੰਦ ਮਾਣਨ ਲਈ ਕੀਰਤਨ ਭਗਤੀ ਹੀ ਸਭ ਤੋਂ ਸੁਖੈਨ ਅਤੇ ਪੰਰਮ-ਪਵਿੱਤਰ ਸਾਧਨ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨ-ਭਗਤੀ ਨੂੰ ਹੀ ਅਪਣਾਇਆ ਅਤੇ ਕੀਰਤਨ ਦੁਆਰਾ ਹੀ ਸਿੱਖ ਧਰਮ ਦਾ ਪ੍ਰਸਾਰ ਕੀਤਾ। ਦੂਸਰੇ ਗੁਰੂ ਸਾਹਿਬਾਨਾਂ ਨੇ ਵੀ ਕੀਰਤਨ-ਭਗਤੀ ਦੀ ਮਹੱਤਤਾ ਨੂੰ ਪ੍ਰਚਾਰਿਆ ਅਤੇ ਆਪ ਵੀ ਕੀਰਤਨ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਪਦਵੀ ਪਾ ਕਰ ਜੋ ਅਨੰਦ ਮਾਣਿਆ, ਉਸਨੂੰ ਅਨੰਦ ਸਾਹਿਬ ਦੀ ਬਾਣੀ ਵਿੱਚ ਦਰਸਾਇਆ ਅਤੇ ਪਿਆਰ ਸਹਿਤ ਗੁਰ ਸਿੱਖਾਂ ਨੂੰ ਸੰਕੇਤ ਕਰਦੇ ਹਨ:

''ਆਵਹੁ ਸਿਖ ਸਤਿਗੁਰੂ ਕੇ ਪਿਆਰਹੋ, ਗਾਵਹੁ ਸਚੀ ਬਾਣੀ।।

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ।।

ਭਾਵ-ਹੇ ਗੁਰੂ ਪਿਆਰਿਓ! ਗੁਰੂ ਵਲੋਂ ਦਿੱਤੀ ਸੱਚੀ ਬਾਣੀ ਨੂੰ ਗਾਓ ਪਰ ਵੱਸਦੀ ਉਨ੍ਹਾਂ ਦੇ ਹੀ ਹਿਰਦੇ ਵਿੱਚ ਹੈ, ਜਿਨ੍ਹਾਂ ਉਪਰ ਗੁਰੂ ਦੀ ਮੇਹਰ ਹੋ ਜਾਏ। ਗੁਰ ਸਿੱਖਾਂ ਦੇ ਧੰਨ ਭਾਗ ਹਨ ਕਿ ਸਾਡੇ ਪਾਸ ਇਲਾਹੀ ਬਾਣੀ ਦਾ ਮਹਾਨ ਖ਼ਜ਼ਾਨਾ ਹੈ ਅਤੇ ਸਾਡੇ ਉਪਰ ਗੁਰੂ ਸਾਹਿਬਨਾਂ ਨੇ ਮਹਾਨ ਪਰਉਪਕਾਰ ਕੀਤਾ ਹੈ। ਕਲਿਯੁਗ ਅੰਦਰ ਕੀਰਤਨ ਦੀ ਮਹਿੰਮਾ ਤੇ ਮਹੱਤਤਾ ਬਾਰੇ ਪੰਚਮ ਪਾਤਸ਼ਾਹ ਕਹਿ ਰਹੇ ਹਨ-

''ਕਲਜੁਗ ਮਹਿ ਕੀਰਤਨੁ ਪਰਧਾਨਾ।।

ਗੁਰਮੁਖਿ ਜਪੀਐਲਾਇ ਧਿਆਨਾ।। (ਮਾਰੂ ਮ: 5-1075)

ਭਾਵ ਕਲਿਯੁਗ ਵਿਚ ਸਭ ਤਰ੍ਹਾਂ ਦੀ ਭਗਤੀ ਸਾਧ਼ਨਾਂ ਚੋਂ ਉਤਮ ਸਾਧਨ ਕੀਰਤਨ ਹੈ, ਪਰ ਇਹ ਜ਼ਰੂਰੀ ਹੈ ਕਿ ਕੀਰਤਨ ਸਮੇਂ ਮਨ ਦੀ ਇਕਾਗਰਤਾ ਨੂੰ ਅਪਣਾਇਆ ਜਾਵੇ। ਅਗਰ ਮਨ ਦਾ ਟਿਕਾਊ ਹੋਵੇ, ਨਿਰਮਲ ਬਿਰਤੀ ਅਤੇ ਸ਼ੁੱਧ ਅਤੇ ਸੱਚੀ ਭਾਵਨਾ ਨਾਲ ਪ੍ਰਭੂ ਦੀ ਕੀਰਤੀ ਹੋਵੇ ਤਾਂ ਫਿਰ ਜਮ ਵੀ ਨੇੜੇ ਨਹੀਂ ਢੁਕ ਸਕਣਗੇ। ਜਿਸ ਤਰ੍ਹਾਂ ਗੁਰਵਾਕ ਹੈ-

ਜੋ ਜਨੁ ਕਰੈ ਕੀਰਤਨੁ ਗੋਪਾਲ।। ਤਿਸ ਕਉ ਪੋਹਿ ਨ ਸਕੈ ਜਮਕਾਲੁ।।''

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਹਾਣੀ ਮਹਾਨ ਵਿੱਲਖਣਤਾ ਹੈ ਕਿ ਸਾਰੀ ਇਲਾਹੀ ਰਚਨਾ ਨੂੰ ਰਾਗ-ਬਧ ਕੀਤਾ ਗਿਆ ਹੈ। ਦੁਨੀਆ ਦੇ ਹੋਰ ਧਾਰਮਿਕ ਗ੍ਰੰਥਾਂ ਵਿੱਚ ਅਜ਼ੇਹੀ ਵਿੱਲਖਣਤਾ ਨਹੀਂ ਮਿਲਦੀ। ਗੁਰੂ ਸਾਹਿਬਾਨਾਂ ਨੇ ਆਪਣੇ ਦਰਬਾਰ ਵਿੱਚ ਕੀਰਤਨ ਕਰਨ ਲਈ ਰਬਾਬੀ ਰੱਖੇ, ਪਰ ਆਪ ਵੀ ਰਾਗਾਂ ਅਤੇ ਸਾਜ਼ਾਂ ਦੇ ਧਨੀ ਸਨ। ਪੰਚਮ ਪਾਤਸ਼ਾਹ ਦੇ ਦਰਬਾਰ ਵਿੱਚ ਭਾਈ ਸਤਾ ਅਤੇ ਭਾਈ ਬਲਵੰਡ ਰਬਾਬੀ ਕੀਰਤਨ ਕਰਿਆ ਕਰਦੇ ਸਨ। ਸਤੇ ਦੀ ਲੜਕੀ ਦੀ ਸ਼ਾਦੀ ਸੀ, ਇਸ ਸਮੇਂ ਉਪਰ ਇਨ੍ਹਾਂ ਭਰਾਵਾਂ ਨੂੰ ਮਾਇਆ ਦੀ ਜ਼ਰੂਰਤ ਸੀ।

ਦੂਸਰੇ ਪਾਂਸੇ ਗੁਰੂ ਘਰ ਦੇ ਦੋਖੀ ਪ੍ਰਿਥੀ ਚੰਦ ਅਤੇ ਉਸਦੇ ਸਾਥੀਆਂ ਵਲੋਂ ਹਰ ਪਲ ਇਹੀ ਯਤਨ ਸੀ ਕਿ ਗੁਰੂ ਘਰ 'ਚ ਸੰਕਟ ਹੋਰ ਆਵੇ। ਸੱਤੇ ਨੇ ਲੋੜ ਤੋਂ ਵੱਧ ਮਾਇਆ ਗੁਰੂ ਸਾਹਿਬ ਤੋਂ ਮੰਗੀ ਪਰ ਜਵਾਬ ਮਿਲਣ ਤੇ ਰਬਾਬੀ ਰੁਸ ਗਏ।

ਉਨ੍ਹਾਂ ਦੇ ਮਨ 'ਚ ਹੰਕਾਰ ਆ ਗਿਆ ਕਿ ਹੋਰ ਕੌਣ ਕੀਰਤਨ ਕਰੇਗਾ। ਗੁਰੂ ਸਾਹਿਬ ਨੇ ਬੇਹਦ ਨਿਮਰਤਾ ਦਿਖਾਈ ਜਾਂ ਇਸ ਤਰ੍ਹਾਂ ਕਹਿ ਲਓ ਕਿ ਇਹ ਨਿਮਰਤਾ ਸਿੱਖਰ ਦੀ ਸੀ, ਜਦੋਂ ਆਪ ਚਲ ਕੇ ਰਬਾਬੀਆਂ ਦੇ ਘਰ ਗਏ ਅਤੇ ਕੀਰਤਨ ਲਈ ਬੇਨਤੀ ਕੀਤੀ। ਉਨ੍ਹਾਂ ਕੀਰਤਨ ਕਰਨ ਲਈ ਮੰਨਣਾ ਤਾਂ ਕੀ ਸੀ ਸਗੋਂ ਗੁਰੂ ਸ਼ਾਨ ਦੇ ਖ਼ਿਲਾਫ਼ ਕੌੜੇ ਲਫ਼ਜ਼ ਕਹੇ। ਕਿਹਾ ਅਗਰ ਸਾਡਾ ਵਡੇਰਾ ਮਰਦਾਨਾ ਕੀਰਤਨ ਨਾ ਕਰਦਾ ਤਾਂ ਗੁਰੂ ਨਾਨਕ ਨੂੰ ਕੌਣ ਜਾਣਦਾ। ਹੰਕਾਰ ਦਾ ਭੂਤ ਸਵਾਰ ਹੋਣ ਕਾਰਨ, ਉਨ੍ਹਾਂ ਨੂੰ ਗੁਰੂਆਂ ਦੀ ਸਖਸ਼ੀਅਤ ਹੀ ਭੁਲ ਗਈ। ਗੁਰੂ ਜੀ ਨੇ ਸਿੱਖਾਂ ਨੂੰ ਕੀਰਤਨ ਕਰਨ ਲਈ ਕਿਹਾ।

ਇਸ ਸਮੇਂ ਤੋਂ ਹੀ ਕੀਰਤਨ ਕਰਨ ਲਈ ਕਿਸੇ ਖਾਸ ਸ਼੍ਰੇਣੀ ਜਾਂ ਜਮਾਤ ਨੂੰ ਤਰਜੀਹ ਨਹੀਂ ਦਿੱਤੀ ਗਈ। ਸੰਕੇਤ ਹੈ ਕਿ ਕੀਰਤਨ ਕਰਨ ਸਮੇਂ ਕਿਸੇ ਵੀ ਲੋਭ, ਲਾਲਚ ਅਤੇ ਦਿਖਾਵੇ ਨੂੰ ਮਨ ਵਿੱਚ ਨਹੀਂ ਲਿਆਣਾ ਚਾਹੀਦਾ ਅਤੇ ਵਿਦਿਆ ਜਾਂ ਸੁਰੀਲੀ ਅਵਾਜ਼ ਦਾ ਹੰਕਾਰ ਕਦੀ ਨਹੀਂ ਕਰਨਾ। ਜਿਵੇਂ ਗੁਰਬਾਣੀ ਫੁਰਮਾਣ ਹੈ-

ਜਾ ਤਿਸ ਭਾਵਾ ਤਦ ਹੀ ਗਾਵਾ।। ਤਾ ਗਾਵੇ ਕਾ ਫਲੁ ਪਾਵਾ।।
ਗਾਵੇ ਕਾ ਫਲੁ ਹੋਈ। ਜਾ ਆਪੇ ਦੇਵੈ ਸੋਈ।। (599)

ਅਗਰ ਗੁਰੂ ਦੀ ਬਖ਼ਸ਼ਿਸ਼ ਹੈ, ਮੇਹਰ ਹੈ ਜਾਂ ਕਿਰਪਾ ਦੀ ਛਾਇਆ ਹੈ, ਤਦ ਉਸ ਦੀ ਕੀਰਤੀ ਅਤੇ ਕੀਰਤੀ ਦਾ ਫਲ ਮਿਲ ਸਕਦਾ ਹੈ। ਅਜੇਹਾ ਹੀ ਸੰਕੇਤ ਜਪੁਜੀ ਦੀ ਬਾਣੀ ਵਿੱਚ ਗੁਰੂ ਨਾਨਕ ਸਾਹਿਬ ਕਰਦੇ ਹਨ-

''ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ, ਰਤੇ ਤੇਰੇ ਭਗਤ ਰਸਾਲੇ।।'' (6)

ਕੀਰਤਨ ਦੀ ਮਹੱਤਤਾ ਪਰਥਾਏ ਇੱਕ ਹੋਰ ਸਾਖੀ ਹੈ ਕਿ ਗੁਰੂ ਘਰ ਦੇ ਅਨਿਨ ਸਿੱਖ ਮੁਕੰਦਾ ਤੇ ਕੇਦਾਰਾ ਹੋਰਾਂ ਗੁਰੂ ਪੰਚਮ ਪਾਤਸ਼ਾਹ ਪਾਸੋਂ ਕੀਰਤਨ ਅਤੇ ਕਥਾ ਦੇ ਮਹਾਤਮ ਬਾਰੇ ਪੁੱਛਿਆ, ''ਤਾਂ ਬਚਨ ਹੋਇਆ-ਤੁਸਾਂ ਰਾਗਾਂ ਦੀ ਸਮਝ ਹੈ ਤੇ ਕਲਿਯੁਗ ਵਿੱਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂਜ਼ ਇਹ ਸਾਂਤਕੀ ਸਾਧਨ ਹੈ, ਤੁਸੀਂ ਕੀਰਤਨ ਕੀਤਾ ਕਰੋ। ਇਸ ਕਰਕੇ ਹੀ ਪੰਚਮ ਗੁਰੂ ਕਰੀਤਨ ਕਰਨ ਵਾਲੇ ਨੂੰ ਅਸੀਸ ਦਿੰਦੇ ਹਨ-

''ਭਲੋ ਭਲੋ ਰੇ ਕੀਰਤਨੀਆ।।''

ਕੀਰਤਨ ਨਾਲ, ਜਗਿਆਸੂ ਦਾ ਮਨ ਜਾਗਦਾ ਹੈ, ਵਾਹਿਗੁਰੂ ਨਾਲ ਲਿਵ ਜੁੜ ਕੇ ਬਿਰਤੀ ਨਿਰਮਲ ਹੋ ਜਾਂਦੀ ਹੈ, ਅਤੇ ਪਾਪਾਂ ਦੀ ਮੈਲ ਕੱਟੀ ਜਾਂਦੀ ਹੈ, ਸਿਮਰਨ ਭਗਤੀ ਦਾ ਫਲ ਵੀ ਉਤਨਾ ਹੀ ਪਰ ਇਸ ਅਭਿਆਸ ਦੀ ਲੋੜ ਹੈ। ਸ਼ੁਰੂ ਸ਼ੁਰੂ ਵਿੱਚ ਦ੍ਰਿੜ੍ਹਤਾ ਚਾਹੀਦੀ ਹੈ ਪਰ ਕਲਿਯੁਗ ਅੰਦਰ ਕਰੀਤਨ ਨਾਲ ਮਨ ਸਾਹਿਜੇ ਹੀ ਟਿਕ ਜਾਂਦਾ ਹੈ ਅਤੇ ਨਾਲ ਨਾਲ ਸੰਗਤ ਦੇ ਪ੍ਰਭਾਵ ਕਾਰਨ ਬਿਰਤੀ ਇਕਾਗਰ ਹੋ ਕਰ ਅਨੰਦ ਆਉਣ ਲਗ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਦੁਨੀਆਂ ਦੇ ਸਭ ਧਾਰਮਿਕ ਕੇਂਦਰਾਂ ਨਾਲੋਂ ਵਿਸ਼ੇਸ਼ਤਾ ਇਹੀ ਹੈ ਕਿ ਤੜਕੇ ਅੰਮ੍ਰਿਤ ਵੇਲੇ ਤੋਂ ਲੈ ਤੱਕ ਲਗਾਤਾਰ ਹਰੀ ਜਸ ਭਾਵ ਕੀਰਤਨ ਧੁਨੀ ਗੂੰਜਦੀ ਹੈ ਜਿਸ ਸਦਕਾ ਸਾਰਾ ਵਾਯੂਮੰਡਲ

ਬਾਣੀ ਦੀਆਂ ਪਰਮ-ਪਵਿੱਤਰ ਲਹਿਰਾਂ ਨਾਲ ਸ਼ੁੱਧ ਹੋ ਜਾਂਦਾ ਹੈ। ਹਰ ਪ੍ਰਾਣੀ ਦਾ ਸੀਸ ਅਜੇਹੇ ਪਵਿੱਤਰ ਵਾਤਾਵਰਣ ਵਿੱਚ ਆਪ ਮੁਹਾਰੇ ਹੀ ਝੁਕ ਜਾਂਦਾ ਹੈ, ਮਨ ਨੂੰ ਸ਼ਾਂਤੀ ਮਿਲਦੀ ਹੈ ਅਤੇ ਕਹਿ ਉਠਦਾ ਹੈ-

''ਤਹਾ ਬੈਕੁੰਠ ਜਹ ਕੀਰਤੁਨ ਤੇਰਾ...॥''

ਭਾਵ ਜਿਥੇ ਪ੍ਰਭੂ ਦਾ ਕੀਰਤਨ ਹੋ ਰਿਹਾ ਹੋਵੇ ਉਹੀ ਜਗ੍ਹਾ ਸਵਰਗ ਹੈ, ਬੈਕੁੰਠ ਹੈ।

ਕੀਰਤਨ ਦੀ ਮਹੱਤਤਾ ਅਤੇ ਪ੍ਰਭੂ ਪ੍ਰਾਪਤੀ ਦਾ ਮੁੱਖ ,ਸਾਧਨ ਹੋਣ ਕਾਰਨ ਸਿੱਖਾ ਧਰਮ ਦੇ ਹਰ ਕਾਰਜ ਦੇ ਸਮੇਂ ਕੀਰਤਨ ਦਾ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਦਰਜ ਹੋਈ 'ਸਦ' ਤੋਂ ਸੰਕੇਤ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਪ੍ਰਤੀ ਹੁਕਮ ਕੀਤਾ ਕਿ ਸਾਡੇ ਸਰੀਰਕ ਚੋਲਾ ਬਦਲਣ ਤੋਂ ਬਾਅਦ ਵੈਰਾਗ ਨਹੀਂ ਕਰਨਾ, ਸਗੋਂ ਕੀਰਤਨ ਕਰਨਾ। ਸਾਡੀ ਮਰਯਾਦਾ ਵੀ ਵਿੱਲਖਣਤਾ ਵਾਲੀ ਹੈ ਕਿ-

• ਭਾਵੇਂ ਕੁੜਮਾਈ ਜਾਂ ਵਿਆਹ ਹੋਵੇ, ਜਾਂ ਕਿਸੇ ਪੁਰਸ਼ ਦੇ ਅਕਾਲ ਚਲਾਣੇ ਜਾਂ ਭੋਗ ਦੀ ਰਸਮ ਜਾਂ ਕਿਸੇ ਮਕਾਨ ਜਾਂ ਦੁਕਾਨ ਦੇ ਉਦਘਾਟਨ ਦਾ ਸਮਾਂ ਹੋਵੇ। ਕਿਸੇ ਦੇ ਸਵਾਗਤ ਜਾਂ ਵਿਛੜਣ ਸਮੇਂ ਕੀਰਤਨ ਹੀ ਕੀਤਾ ਜਾਂਦਾ ਹੈ। ਇਸ ਦਾ ਭਾਵ ਇਹ ਹੈ ਕਿ ਸਿੱਖ ਦਾ ਜੀਵਨ ਪੂਰਨ ਗੁਰਸਿੱਖੀ ਵਾਲਾ ਹੋਵੇ ਅਤੇ ਵਾਹਿਗੁਰੂ ਦੀ ਰਜ਼ਾ ਅੰਦਰ ਰਹੇ ਅਤੇ ਦੁਖ ਸੁਖ ਸਮ ਕਰਕੇ ਮੰਨੇ।

ਮੌਜੂਦਾ ਸਮੇਂ ਅੰਦਰ ਕੁਝ ਚਿਰ ਪਹਿਲਾਂ ਧਰਮ ਮੂਰਤ, ਦ੍ਰਿੜਵਿਸ਼ਵਾਸ ਨਾਮ ਰਸੀਏ, ਦੇਸ਼ ਭਗਤ ਅਤੇ ਉੱਚੀ ਆਤਮਿਕ ਅਵਸਥਾ ਵਾਲੇ ਭਾਈ ਸਾਹਿਬ ਭਾ: ਰਣਧੀਰ ਸਿੰਗ ਜੀ ਹੋਏ ਹਨ, ਜਿਨ੍ਹਾਂ ਨੇ ਕੀਰਤਨ ਦੇ ਖੇਤਰ ਵਿੱਚ ਕੌਮ ਨੂੰ ਮਹਾਨ ਦੇਣ ਦਿੱਤੀ, ਅਤੇ ਕੀਰਤਨ ਦੁਆਰਾ ਸਿੱਖੀ ਪ੍ਰਚਾਰ ਕੀਤਾ। ਸਾਰੀ ਆਯੂ ਧਰਮ ਅਤੇ ਦੇਸ਼ ਦੇ ਲੇਖੇ ਲਾ ਦਿੱਤੀ। ਆਪ 12-12 ਘੰਟੇ ਲਗਾਤਾਰ ਕੀਰਤਨ ਕਰਦੇ ਅਤੇ ਅਗੰਮੀ ਜੋਤਿ ਨਾਲ ਲਿਵ ਜੋੜ ਕੇ ਪਰਮ ਅਨੰਦ ਜਾਂ ਪਰਮ ਸ਼ਾਂਤੀ ਦੇ ਸੁਆਦ ਸਹਿਜੇ ਹੀ ਚੱਖਦੇ। ਆਪ ਸਭ ਨੂੰ ਕੀਰਤਨ 'ਚ ਸ਼ਾਮਲ ਹੋਣ ਲਈ ਪ੍ਰੇਰਦੇ ਅਤੇ ਥਾਂ ਥਾਂ ਜਾ ਕਰ ਕੀਰਤਨ ਅਖਾੜੇ ਲਾਉਂਦੇ। ਰੈਣ ਸਬਾਈ ਕੀਰਤਨ ਦੀ ਮਰਯਾਦਾ ਆਪ ਜੀ ਹੀ ਵਲੋਂ ਪ੍ਰਚਲਤ ਕੀਤੀ ਗਈ ਹੈ, ਅੱਜ ਦੁਨੀਆ ਦੇ ਅੰਦਰ ਥਾਂ ਥਾਂ ਵਿਖੇ ਰੈਣਿ ਸਬਾਈ ਕੀਰਤਨ ਹੋ ਰਹੇ ਹਨ, ਅਤੇ ਹਜ਼ਾਰਾਂ ਗੁਰੂ ਦੇ ਸਿੱਖ ਅਨੰਦ ਮਾਣਦੇ ਅਤੇ ਲਾਹਾ ਖੱਟਦੇ ਹਨ।

ਸਿੱਖ ਜਗਤ ਅੰਦਰ ਤੰਤੀ ਸਾਜਾਂ ਨਾਲ ਕੀਰਤਨ ਕਰਨ ਦੀ ਰਵਾਇਤ ਅਲੋਪ ਹੀ ਹੋ ਗਈ ਹੈ, ਗੁਰੂ ਸਾਹਿਬਾਨਾਂ ਦੇ ਸਮੇਂ ਅੰਦਰ ਸਿਰਫ ਤੰਤੀ ਸਾਜਾਂ ਦੀ ਵਰਤੋਂ ਹੁੰਦੀ ਸੀ, ਅਤੇ ਇਨ੍ਹਾਂ ਤਾਰ ਵਾਲੇ ਸਾਜਾਂ ਦੀ ਆਪਣੀ ਮਿਠਾਸ਼ ਅਤੇ ਖਿੱਚ ਹੈ। ਰਾਗ ਵਿਦਿਆ ਸਿਖਾਉਣ ਵਾਲੇ ਕੇਂਦਰਾਂ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ

ਹੈ। ਵਿਦਵਾਨ ਅਧਿਆਪਕ ਰੱਖ ਕੇ ਪੁਰਾਣੇ ਸਾਜਾਂ (ਸਰੰਦਾ ਅਤੇ ਰਬਾਬ) ਨੂੰ ਮੁੜ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ ਤਾਂ ਜੋ ਗੁਰੂ ਸਾਹਿਬਾਨ ਵਲੋਂ ਦਿੱਤੀ ਦੇਣ ਅਜਾਈਂ ਨਾ ਚਲੀ ਜਾਵੇ।

ਖਾਲਸਾ ਸਕੂਲਾਂ ਅਤੇ ਕਾਲਜਾਂ ਵਿੱਚ ਧਾਰਮਕ ਟੀਚਰਾਂ ਦੇ ਨਾਲ ਨਾਲ ਕੀਰਤਨ ਸਿਖਾਉਣ ਲਈ ਰਾਗੀ ਰੱਖਣੇ ਚਾਹੀਦੇ ਹਨ, ਤਾਂ ਜੋ ਬੱਚਿਆਂ ਨੂੰ ਸਿੱਖੀ ਜੀਵਨ ਵਿੱਚ ਪ੍ਰਪੱਕ ਰਹਿਣ ਉਪਰੰਤ ਸਿੱਖੀ ਨੂੰ ਪ੍ਰਫੁਲਤ ਕਰਨ ਵਿੱਚ ਸਹਾਈ ਹੋ ਸਕਣ। ਸਕੂਲਾਂ ਅਤੇ ਕਾਲਜਾਂ ਵਿੱਚ ਕੀਰਤਨ ਸਮਾਰੋਹ ਜਾਂ ਕੀਰਤਨ ਗਾਇਨ ਮੁਕਾਬਲੇ ਕਰਾਉਣੇ ਚਾਹੀਦੇ ਹਨ ਤਾਂ ਜੋ ਸਾਡੇ ਬੱਚੇ ਉਤਸਾਹਤ ਹੋ ਕਰ ਸਿੱਖੀ ਵੱਲ ਜ਼ਿਆਦਾ ਪਰੇਰੇ ਜਾਣ, ਕੀਰਤਨ ਦਾ ਅਨੰਦ ਅਤੇ ਲਾਹਾ ਲੈਣ ਲਈ ਇਨ੍ਹਾਂ ਵਿੱਚ ਸੱਚੀ ਤੜਪ ਪੈਦਾ ਹੋਵੇ। 'ਕੀਰਤਨ ਨਿਰਮੋਲਕ ਹੀਰਾ' ਹੈ, ਇਸ ਦੀ ਕੋਈ ਕੀਮਤ ਨਹੀਂ। ਸਾਡਾ ਸਭ ਦਾ ਮੁੱਖ ਫਰਜ਼ ਬਣ ਜਾਂਦਾ ਹੈ, ਅਮੋਲ ਵਸਤੂ ਨੂੰ ਸਾਂਭੀਏ। ਗੁਰਬਾਣਨੀ ਕੀਰਤਨ ਨੂੰ ਜ਼ਿਆਦਾ ਮਹੱਤਤਾ ਦੇਣ ਨਾਲ ਸਿੱਖ ਜਗਤ ਤੋਂ ਇਲਾਵਾ ਸਾਰੇ ਸੰਸਾਰ ਦਾ ਭਲਾ ਹੋ ਸਕਦਾ ਹੈ। ਜਿਵੇਂ ਗੁਰਵਾਕ ਹੈ-

''ਹਰਿ ਦਿਨੁ ਰੈਨਿ ਕੀਰਤਨੁ ਗਾਈਐ
ਬਹੁੜਿ ਨ ਜੋਨੀ ਪਾਈਐ'' (624)

ਭਾਵ ਕੀਰਤਨ ਕਰਨ ਨਾਲ ਹਰ ਸੰਸਾਰੀ ਜਨਮ-ਮਰਨ ਦੇ ਚਕ੍ਰ ਤੋਂ ਰਹਿਤ ਹੋ ਕਰ ਮੁਕਤੀ ਪ੍ਰਾਪਤ ਕਰ ਸਕਦਾ ਹੈ ਅਤੇ ਸਫਲ ਤੇ ਸੁੱਖਾਂ ਦੀ ਪ੍ਰਾਪਤੀ ਵੀ ਸੰਭਵ ਹੈ-

'ਗੁਰਬਾਣੀ ਗਾਵਹ ਭਾਈ।। ਓਹ ਸਫਲ ਸਦਾ ਸੁਖਦਾਈ।।'' (629)

# ਸਾਖੀ ਰਬਾਬ ਦੀ

ਪ੍ਰਿੰਸੀਪਲ ਸਤਿਬੀਰ ਸਿੰਘ

ਸਯਦ ਮਹੁਮੰਦ ਲਤੀਫ਼ ਦਾ ਕਹਿਣਾ ਹੈ ਜਦ ਵੀ ਮਰਦਾਨਾ ਜੀ ਰਬਾਬ ਨੂੰ ਟੂੰਕਾਰਦੇ ਉਸ ਵਿਚ ਪਹਿਲੀ ਆਵਾਜ਼ ਇਹ ਨਿਕਲਦੀ: ''ਤੂੰ ਨਿਰੰਕਾਰ ਕਰਤਾਰ ਨਾਨਕ ਬੰਦਾ ਤੇਰਾ'' ਪੁਰਾਤਨ ਜਨਮ ਸਾਖੀ ਨੇ ਜ਼ਿਕਰ ਕੀਤਾ ਹੈ ਕਿ ਜਦ ਵੀ ਗੁਰੂ ਨਾਨਕ ਦੇਵ ਜੀ ਮਰਦਾਨਾ ਜੀ ਨੂੰ ਰਬਾਬ ਵਜਾਉਣ ਲਈ ਕਹਿੰਦੇ ਤਾਂ ਪਹਿਲਾਂ ਇਹ ਬਚਨ ਜ਼ਰੂਰ ਬੋਲਦੇ 'ਛੇੜ ਮਰਦਾਨਿਆਂ ਰਬਾਬ, ਕਾਈ ਸਿਫ਼ਤ ਖੁਦਾ ਦੇ ਦੀਦਾਰ ਦੀ ਕਰੀਏ, ਹਰ ਕੋਈ ਜਾਣਨਾ ਚਾਹੇਗਾ ਕਿ ਉਹ ਰਬਾਬ ਭਾਈ ਮਰਦਾਨਾ ਜੀ ਦੇ ਹੱਥ ਕੈਸੇ ਆਈ। ਸਾਡੇ ਇਤਿਹਾਸ ਦਾ ਕਹਿਣਾ ਕਿ ਜਦ ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਸੁਲਤਾਨਪੁਰ ਮੋਦੀਖਾਨਾ ਦਾ ਕਾਰਜ ਸੰਭਾਲਣ ਲਈ ਆਏ ਸਨ ਤਾਂ ਮਰਦਾਨਾ ਜੀ ਨੂੰ ਨਾਲ ਹੀ ਲੈ ਆਏ ਸਨ। ਮਰਦਾਨਾ ਰਬਾਬ ਵਜਾਂਦਾ ਤੇ ਗੁਰੂ ਨਾਨਕ ਦੇਵ ਜੀ ਬਾਣੀ ਉਚਾਰਦੇ। ਇੱਕ ਸੰਗਤ ਜਿਹੀ ਬਣ ਗਈ ਸੀ। ਇਹ ਕੋਈ ਦੁਹਰਾਉਣ ਦੀ ਲੋੜ ਨਹੀਂ ਕਿ ਭਾਈ ਮਰਦਾਨਾ ਜੀ ਦਾ ਅਸਲ ਦਾ ਦਾਨਾ ਸੀ ਤੇ ਤਲਵੰਡੀ ਵਿਖੇ ਹੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਕਹਿਆ ਸੀ ਕਿ ''ਸ਼ਬਦ ਪਾਇਕੈ ਰਾਗ ਗਾਏਂ ਤਾਂ ਤੂੰ ਮਰਦਾਨਾ ਕਹਿਲਾਏਂ।' ਕੀਰਤਨ ਕੋਈ ਸੂਰਮਾ ਹੀ ਕਰ ਸਕਦਾ ਹੈ। ਕਿਤਨਾ ਕੁਝ ਸੰਕੋਚਨਾ ਪੈਂਦਾ ਹੈ। ਸਾਢੇ ਚਾਰ ਸਾਲ ਮੋਦੀਖਾਨੇ ਦੀ ਕਾਰ ਸੰਭਾਲਣ ਉਪਰੰਤ ਗੁਰੂ ਨਾਨਕ ਦੇਵ ਜੀ ਨੇ ਹੁਣ ਨਿਰਣਾ ਲੈ ਲਿਆ ਸੀ ਕਿ ਲੋਕਾਈ ਨੂੰ ਸੋਧਣ ਲਈ ਉਦਾਸੀ ਕਰਨ ਦੀ ਲੋੜ ਹੈ। ਵੇਈ ਤੋਂ ਨਿਕਲਦੇ ਸਾਰ ਹੀ ਕਫਨੀ ਬੰਨ੍ਹ ਫਰਮਾਇਆ ਸੀ, ਨਾ ਕੋ ਹਿੰਦੂ ਨਾ ਮੁਸਲਮਾਨ। ਐਸਾ ਉਪਦੇਸ਼ ਤੇ ਕਫਨ ਸਿਰ ਬੰਨ੍ਹ ਕੇ ਹੀ ਦਿੱਤਾ ਜਾ ਸਕਦ ਸੀ। ਮਸੀਤੇ ਜੁੜੇ ਇਮਾਮ ਦਾ ਮਨ ਤੋਲਕੇ ਆਖ ਦਿੱਤਾ ਸੀ ਕਿ ਬੇਸ਼ ਤੇਰਾ ਬੰਦਗੀ ਦਾ ਹੈ ਪਰ ਮਨ ਦਸ ਪਾਸੇ ਜਾ ਰਿਹਾ ਹੈ। ਜੇ ਇਮਾਮ ਦਾ ਮਨ ਹੀ ਨਹੀਂ ਠਹਿਰਿਆ ਤਾਂ ਪਿਛੇ ਲਗ ਨਮਾਜ਼ ਨੂੰ ਪੜ੍ਹਨ ਵਾਲਿਆਂ ਦਾ ਕਿਵੇਂ ਟਿਕੇਗਾ। ਕਾਜ਼ੀ ਜੀ, ਘੋੜੇ ਤੇ ਕੋਈ ਅਣਜਾਣ ਚੜ੍ਹ ਜਾਏ ਤਾਂ ਘੋੜਾ ਪਟਕਾ ਮਾਰੇਗਾ ਪਰ ਜੇ ਕੋਈ ਸਿਆਣਾ ਸਵਾਰ ਕਾਬੂ ਕਰ ਚੜੇ ਤਾਂ ਜਿਥੇ ਚਾਹੇਗਾ ਘੋੜਾ ਜਾਏਗਾ। ਤਿਵੇਂ ਮਨ ਜੇ ਨਾਮ ਪ੍ਰਾਪਤ ਅਸਵਾਰ ਹੇਠ ਹੈ ਤਾਂ ਭਜ ਕਿਧਰੇ ਨਹੀਂ ਜਾਏਗਾ। ਇਹ ਮਨ ਦਾ ਟਿਕਾਉ ਬਾਣੀ ਸੁਣਦੇ ਸਾਰ ਹੀ ਆ ਜਾਂਦਾ ਹੈ.

ਸੋ ਧਰਤ ਲੋਕਾਈ ਨੂੰ ਸੋਧਨ ਲਈ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਦਾ ਸਹਾਰਾ ਲਿਆ ਤੇ ਰਬਾਬ ਨੂੰ ਵਸੀਲਾ ਬਣਾਇਆ। ਮਰਦਾਨਾ ਜੀ ਕਹਿਣ ਲੱਗੇ ਕਿ ਰਬਾਬ ਬਣਾਉਣ ਦਾ ਵੱਲ ਫਿਰੰਦੇ ਨੂੰ ਆਉਂਦਾ ਹੈ ਅਤੇ ਉਹ ਸਤਲੁਜ ਤੋਂ ਪਰੇ ਸਰਾਇਗਾਮਾ ਰਹਿੰਦਾ ਹੈ। ਜੋ ਮੁਲ ਮੰਗੇ ਦੇ ਆਵੀ। ਭੈਣ ਜੀ ਕੋਲੋਂ ਤਕ ਰੁਪਏ ਲੈ

ਕੇ ਦਿੱਤੇ। ਰਾਹ ਦੀਆਂ ਦੁਸ਼ਵਾਰੀਆਂ ਝਲਦਾ ਮਰਦਾਨਾ ਸਰਾਇਗਾਮਾ ਪੁੱਜਾ ਪਰ ਲੋਕਾਂ ਨੇ ਦੱਸਿਆ ਕਿ ਫਿਰੰਦੇ ਦਾ ਡੇਰਾ ਤਾਂ ਜੰਗਲ ਬੇਲੇ ਹੈ। ਜਦ ਹਾਰ ਥੱਕ ਵਾਪਸ ਮੁੜਨ ਲੱਗਾ ਤਾਂ ਜੰਗਲ ਵਿੱਚ ਹੀ ਇੱਕ ਬੰਦੇ ਨੇ ਪੁੱਛਿਆ ਕਿ ਇਤਨਾ ਕਿਉਂ ਵਿਆਕੁਲ ਹੈ ਤਾਂ ਮਰਦਾਨੇ ਨੇ ਕਿਹਾ ਮੇਰਾ ਨਾ ਮਰਦਾਨਾ ਹੈ, ਗੁਰੂ ਨਾਨਕ ਦੇਵ ਜੀ ਨੇ ਭੇਜਿਆ ਹੈ ਕਿ ਫਿਰੰਦੇ ਨਾਂ ਦੇ ਬੰਦੇ ਕੋਲੋਂ ਰਬਾਬ ਲਿਆਉਣੀ ਹੈ। ਫਿਰੰਦੇ ਦਸਿਆ ਕਿ ਜਿਸ ਪਾਸ ਤੂੰ ਖੜਾ ਹੈ ਉਹ ਹੀ ਫਿਰੰਦਾ ਹੈ ਅਤੇ ਮੈਂ ਤਾਂ ਉਡੀਕ ਵਿੱਚ ਸਾਂ ਕਿ ਮਿਹਨਤ ਨਾਲ ਰਬਾਬ ਬਣਾਈ ਰਬਾਬ ਦਾ ਕੋਈ ਗਾਹਕ ਆਵੇ ਸੋ ਇਸਨੂੰ ਸੰਭਾਲ। ਮਰਦਾਨਾ ਜੀ ਨੇ ਪੁਛਿਆ ਕਿ ਮੁਲ ਕਿਤਨਾ ਹੈ ਤਾਂ ਫਿਰੰਦੇ ਨੇ ਕਿਹਾ ਇਸ ਕੀਮਤੀ ਰਬਾਬ ਦਾ ਮੁਲ ਇਤਨਾ ਹੈ ਕਿ ਸਿਵਾਇ ਗੁਰੂ ਨਾਨਕ ਦੇਵ ਜੀ ਤੋਂ ਹੋਰ ਕਿਸੇ ਮੱਨੁਖ ਅੱਗੇ ਨਾ ਵਜਾਈਂ।

ਭਨਤ ਫਿਰੰਦਾ:-

ਮ੍ਰਿਤ ਮੰਡਲ ਕੇ ਇਹ ਰਬਾਬ ਨਹਿ ਲਖਿਯੋ

ਆਨ ਆਗ ਸੋ ਨਹੀਂ ਬਜਾਵਹੁ।

ਸ੍ਰੀ ਨਾਨਕ ਜਹਿ ਪਿਖਯੋ।

ਮਰਦਾਨਾ ਚਾਈਂ ਚਾਈਂ ਰਬਾਬ ਲੈ ਕੇ ਗੁਰੂ ਨਾਨਕ ਦੇਵ ਜੀ ਪਾਸ ਪੁੱਜੇ ਪਰ ਸਾਡੇ ਰਾਗੀਆਂ, ਰਬਾਬੀਆਂ, ਕੀਰਤਨੀਆਂ ਲਈ ਪੂਰਨੇ ਪਾ ਗਏ ਕਿ ਸ਼ਬਦ ਗੁਰੂ ਹਜ਼ੂਰੀ ਹੀ ਗਾਉਣਾ ਹੈ ਅਤੇ ਕਲਾ ਨੂੰ ਕਦੇ ਮੱਨੁਖ ਮਾਤ੍ਰ ਦੀ ਉਪਮਾ, ਖੁਸ਼ਾਮਦ ਜਾਂ ਫੁਲਾਉਨੀ ਲਈ ਨਹੀਂ ਵਰਤਨਾ। ਗੁਰੂ ਨਾਨਕ ਦੇਵ ਜੀ ਅੱਗੇ ਰਬਾਬ ਜਦ ਮਰਦਾਨਾ ਜੀ ਰੱਖੀ ਤਾਂ ਉਨ੍ਹਾਂ ਕਿਹਾ ਕਿ ਬੇਬੇ ਨਾਨਕ ਨੂੰ ਕਹਿ ਕਿ ਤੇਰੇ ਹੱਥ ਪਕੜਾਏ।

ਬੇਬੇ ਨਾਨਕੀ ਨੇ ਰਬਾਬ ਮਰਦਾਨਾ ਹੱਥ ਦਿੱਤੀ ਤੇ ਜਦ ਮਰਦਾਨਾ ਨੇ ਵਜਾਈ ਤਾਂ ਪਹਿਲੀ ਆਵਾਜ਼ ਉਸ ਮੂੰਹੋਂ ਨਿਕਲੀ: "ਤੂੰ ਹੀ ਨਿਰੰਕਾਰਾ ਨਿਰੰਕਾਰ ਕਰਤਾਰਾ"।

ਗੁਰੂ ਨਾਨਕ ਦੇਵ ਜੀ ਨੇ ਸ਼ਬਦ ਗਾਉਣਾ ਸ਼ੁਰੂ ਕਰ ਦਿੱਤਾ। ਸ਼ਬਦ ਦੀ ਧੁਨੀ ਕੀ ਉੱਠੀ ਕਿ ਪਸ਼ੂ ਪੰਛੀ ਮੋਹੇ ਗਏ। ਉਨ੍ਹਾਂ ਨੂੰ ਚਾਲ ਹੀ ਭੁਲ ਗਈ। ਦਰੱਖਤਾਂ ਤੋਂ ਰਸ ਚੋਣ ਲੱਗ ਪਿਆ।

ਤਰਵਰ ਤੇ ਰਸ ਨਿਚਾਨ ਲਗਯੋ ਵਿਸਰਾ ਸਭਨਾ ਅਪਾਨਾ।

ਮਰਦਾਨੇ ਨੂੰ ਸ਼ੱਕ ਹੋ ਗਿਆ ਕਿ ਉਸ ਦੀ ਰਬਾਬ ਵਜਾਉਣ ਕਾਰਨ ਹੋ ਰਹਿਆ ਹੈ। ਗੁਰੂ ਨਾਨਕ ਦੇਵ ਜੀ ਨੇ ਅੱਖਾਂ ਮੂੰਦ ਲਈਆਂ ਤੇ ਸ਼ਬਦ ਉਚਾਰਨਾ ਬੰਦ ਕਰ ਦਿੱਤਾ। ਮਰਦਾਨਾ ਦੇਖ ਹੈਰਾਨ ਹੋਇਆ ਕਿ ਫਿਰ ਸਭ ਪਾਸੇ ਹਲਚਲ ਮਚ ਗਈ।

ਉਸੇ ਵੇਲੇ ਹੀ ਖਿੰਮਾ ਮੰਗੀ ਕਿ ਮੈਨੂੰ ਭੁਲੇਖਾ ਪੈ ਕਿ ਇਹ ਰਾਗ ਦੀ ਸ਼ਕਤੀ ਕਰਕੇ ਹੋ ਰਹਿਆ ਹੈ ਪਰ ਸ਼ੁਕਰ ਹੈ ਤੁਸਾਂ ਪਰਦਾ ਉਤਾਰ ਦਿੱਤਾ ਹੈ ਕਿ ਰਾਗ ਆਪਣੇ ਨਿਰਾਰਥ ਹੈ ਜਦ ਤੱਕ ਨਾਲ ਸ਼ਬਦ ਨਹੀਂ ਰਲਿਆ।

ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ॥

ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ॥

ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ॥

(ਹੇ ਭਾਈ! ਜਿਵੇਂ (ਕਿਸੇ) ਮੱਨੁਖ ਦੇ ਘਰ ਵਿੱਚ ਉਸਦੀ ਪਤਿਬ੍ਰਤਾ ਇਸਤਰੀ ਹੈ ਜੋ ਪਿਆਰ ਭਾਵਨਾ ਨਾਲ ਆਪਣੇ ਪਤੀ ਦੀ ਸੇਵਾ ਕਰਨ ਦੀ ਬਹੁਤ ਤਾਂਘ ਕਰਦੀ ਹੈ, ਖੱਟੇ ਤੇ ਮਿੱਠੇ ਰਸ ਪਾ ਕੇ ਕਈ ਸਵਾਦਲੀਆਂ ਭਾਜੀਆਂ ਪਤੀ ਵਾਸਤੇ ਬਣਾਂਦੀ ਰਹਿੰਦੀ ਹੈ, ਇਸੇ ਤਰ੍ਹਾਂ ਪਰਮਾਤਮਾ ਦੇ ਭਗਤ ਪਰਮਾਤਮਾ ਦੇ ਨਾਮ ਵਿੱਚ ਚਿਤ ਜੋੜ ਕੇ ਸਤਿਗੁਰ ਦੀ ਬਾਣੀ ਰਾਹੀਂ ਪਰਮਾਤਮਾ ਦੀ ਸਿਫਤ ਸਾਲਾਹ ਕਰਦੇ ਰਹਿੰਦੇ ਹਨ। ਨਾਮ ਵਿੱਚ ਲਿਵ ਨਿਰਵਿਘਨ ਲੱਗੀ ਰਵੇਗੀ। ਸ਼ਬਦ ਦੀ ਧੁਨੀ ਉੱਠਦੇ ਸਾਰ ਧਿਆਨ ਜੁੜ ਜਾਵੇਗਾ। ਜੁੜੇ ਧਿਆਨ ਵਿੱਚ ਉਸਨੂੰ ਜਾਣਨਾ ਸੁਖਾਲਾ ਹੋ ਜਾਏਗਾ ਕਿਤਨੀ ਅਥਾਹ ਸ਼ਕਤੀ ਹੈ ਗੁਰਬਾਣੀ ਦੀ:

ਧੁਨਿ ਮਹਿ ਧਿਆਨ ਧਿਆਨੁ ਮਹਿ ਜਾਨਿਆ

ਗੁਰਮੁਖਿ ਅਕਥ ਕਹਾਨੀ। (ਰਾਮਕਲੀ ਮ:1)

ਜਿਹੜਾ ਮੱਨੁਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ ਉਹ ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ ਵਿੱਚ ਆਪਣੀ ਸੁਰਤਿ ਜੋੜਦਾ ਹੈ ਤਿ ਉਸ ਸੁਰਤਿ ਵਿਚੋਂ ਪ੍ਰਮਾਤਮਾ ਨਾਲ ਜਾਣ-ਪਛਾਣ ਪਾ ਲੈਂਦਾ ਹੈ।

# ਭਾਈ ਗੋਪਾਲ ਸਿੰਘ ਰਾਗੀ

ਕੁਲਦੀਪ ਸਿੰਘ ਹਉਰਾ

ਭਾਈ ਗੋਪਾਲ ਸਿੰਘ ਦਾ ਜਨਮ ਗੁਰਦਾਸਪੁਰ ਸ਼ਹਿਰ ਦੇ ਮੁਹੱਲਾ ਨੰਗਲ ਕੋਟਲੀ ਵਿੱਚ ਸ: ਕਰਤਾਰ ਸਿੰਘ ਠੇਕੇਦਾਰ ਦੇ ਘਰ ਮਾਤਾ ਜਸਵੰਤ ਕੌਰ ਦੀ ਕੁਖੋਂ 1927 ਵਿੱਚ ਹੋਇਆ। ਉਸ ਦੀ ਉਮਰ ਚਾਰ ਕੁ ਸਾਲਾਂ ਦੀ ਸੀ ਕਿ ਕਿਸੇ ਅਨਾੜੀ ਕੰਪਾਉਂਡਰ ਕੋਲੋਂ ਅੱਖ ਵਿਚ ਗਲਤ ਦਵਾਈ ਪੈ ਜਾਣ ਕਰਕੇ ਉਸ ਦੀ ਵੇਖਣ ਸ਼ਕਤੀ ਬਿਲਕੁਲ ਜਾਂਦੀ ਰਹੀ। ਪਰ ਕੁਦਰਤ ਨੇ ਇਸ ਵਿਅਕਤੀ ਕੋਲੋਂ ਕੋਈ ਹੋਰ ਸੇਵਾ ਲੈਣੀ ਸੀ। ਇਸ ਲਈ ਉਹ ਥੋੜ੍ਹੇ ਸਮੇਂ ਵਿੱਚ ਹੀ ਆਪਣੀ ਕਲਾ ਸਦਕਾ ਕਾਫੀ ਪ੍ਰਸਿੱਧ ਹੋ ਗਿਆ।

ਮੱਨੁਖੀ ਸਰੀਰਕ ਸ਼ਕਤੀਆਂ ਦਾ ਵਿਕਾਸ ਕੁਝ ਇਸ ਢੰਗ ਨਾਲ ਕੁਦਰਤ ਵਲੋਂ ਹੋਇਆ ਹੁੰਦਾ ਹੈ ਕਿ ਜੇ ਇੱਕ ਸ਼ਕਤੀ ਆਮ ਹਾਲਤ ਨਾਲੋਂ ਵਧੇਰੇ ਵਿਕਸਤ ਹੋ ਜਾਂਦੀ ਹੈ ਤੇ ਉਹ ਵਿਅਕਤੀ ਕਿਸੇ ਹੋਰ ਖੇਤਰ ਵਿੱਚ ਵਧੇਰੇ ਸ਼ਕਤੀਸ਼ਾਲੀ ਹੋ ਜਾਂਦਾ ਹੈ। ਐਸੀਆਂ ਕਈ ਉਦਾਹਰਣਾਂ ਵੇਖਣ ਵਿਚ ਆਈਆਂ ਹਨ. ਬਿਲਕੁਲ ਇਸੇ ਤਰ੍ਹਾਂ ਸਿੱਖ ਕੌਮ ਦੇ ਪ੍ਰਸਿੱਧ ਕੀਰਤਨੀਏ ਭਾਈ ਗੋਪਾਲ ਸਿੰਘ ਨਾਲ ਵਾਪਰਿਆ। ਜਦੋਂ ਭਾਈ ਸਾਹਿਬ ਦੇ ਬਾਹਰਲੇ ਨੈਣ ਬੰਦ ਹੋ ਗਏ ਤਾਂ ਅੰਦਰਲੇ ਖੁਲ੍ਹ ਗਏ ਅਤੇ ਉਨ੍ਹਾਂ ਨੇ ਗੁਰਬਾਣੀ ਗਾਇਨ ਖੇਤਰ ਵਿੱਚ ਵਰਣਨ ਯੋਗ ਹਿੱਸਾ ਪਾਇਆ। ਭਾਈ ਗੋਪਾਲ ਸਿੰਘ ਦਾ ਹਿਰਦਾ ਬੜਾ ਨਿਮਰਤਾ ਤੇ ਠਹਿਰ-ਠਰ੍ਹਮੇ ਵਾਲਾ ਸੀ। ਉਹ ਨਾ ਕਦੇ ਕੌੜਾ ਬਚਨ ਬੋਲਦੇ, ਨਾ ਮੱਥੇ ਪਾਉਂਦੇ, ਸਗੋਂ ਖਿੜੇ ਮੱਥੇ ਰਹਿੰਦੇ।

ਭਾਈ ਸਾਹਿਬ ਦੇ ਜੀਵਨ ਹਾਲਾਤ ਨੇ ਐਸਾ ਮੋੜਾ ਖਾਧਾ ਕਿ ਆਪ ਨੂੰ ਗੁਰਦਾਸਪੁਰ ਤੋਂ ਅੰਮ੍ਰਿਤਸਰ ਆਉਣਾ ਪੈ ਗਿਆ, ਜਿਥੇ ਚੀਫ ਖਾਲਸਾ ਯਤੀਮਖਾਨਾ ਵਿੱਚ ਉਹ ਦਾਖਲ ਕਰਾਏ ਗਏ। ਉਥੇ ਆਪ ਨੂੰ ਉਸਤਾਦਾਂ ਵਲੋਂ ਸੁੱਚਜੀ ਅਗਵਾਈ ਮਿਲਣ ਕਰਕੇ ਭਾਈ ਸਾਹਿਬ ਦਾ ਪ੍ਰਤਿਭਾ ਦਾ ਭਰਪੂਰ ਵਿਕਾਸ ਹੋਇਆ। ਭਾਈ ਗੋਪਾਲ ਸਿੰਘ ਦੀ ਵੇਖਣ ਸ਼ਕਤੀ ਜਾਂਦੀ ਰਹਿਣ 'ਤੇ ਉਨ੍ਹਾਂ ਦੇ ਪਿਤਾ ਜੀ ਨੇ, ਜੋ ਆਸਾਮ ਵਿੱਚ ਠੇਕੇਦਾਰ ਸਨ, ਆਪਣੇ ਬੱਚੇ ਲਈ ਬਰੇਲ ਪ੍ਰਣਾਲੀ ਦੁਆਰਾ ਪੜ੍ਹਾਈ ਕਰਨ ਦਾ ਪ੍ਰਬੰਧ ਕਰ ਦਿੱਤਾ। ਘਰ ਵਿੱਚ ਕੋਈ ਥੁੜ ਨਹੀਂ ਸੀ।ਇਸ ਲਈ ਭਾਈ ਗੋਪਾਲ ਸਿੰਘ ਨੂੰ ਉਪਜੀਵਕਾ ਦੀ ਕੋਈ ਫਿਕਰ ਨਹੀਂ ਸੀ। ਉਸ ਦੇ ਪਿਤਾ ਜੀ ਪਾਸ ਕਾਫੀ ਸਾਧਨ ਤੇ ਵਸੀਲੇ ਸਨ। ਪਰ ਕੁਦਰਤ ਨੂੰ ਕੁਝ ਹੋਰ ਹੀ ਭਾਉਂਦਾ ਸੀ। ਦੇਸ਼ ਦੀ ਵੰਡ ਤੋਂ ਪਹਿਲਾਂ ਆਸਾਮ ਵਿੱਚ ਹੋਏ ਫਿਰਕੂ ਫਸਾਦਾਂ ਵਿੱਚ ਭਾਈ ਗੋਪਾਲ ਸਿੰਘ ਬਿਲਕੁਲ ਯਤੀਮ ਹੋ ਗਿਆ। ਉਸ ਦੇ ਰਿਸ਼ਤੇਦਾਰਾਂ ਨੇ ਕੀਰਤਨ ਸਿੱਖਣ ਵਾਸਤੇ ਬਾਈ ਗੋਪਾਲ ਸਿੰਘ ਨੂੰ ਸੈਂਟਰਲ ਖਾਲਸਾ ਯਤੀਮਖਾਨਾ ਅੰਮ੍ਰਿਤਸਰ ਵਿਚ ਦਾਖਲ ਕਰਾ ਦਿੱਤਾ। ਭਾਈ ਗੋਪਾਲ ਸਿੰਘ ਉਥੇ ਸਿਖਲਾਈ ਪ੍ਰਾਪਤ ਕਰਕੇ ਹਾਰਮੋਨੀਅਮ, ਤਬਲਾ, ਵਾਇਲਨ, ਸਿਤਾਰ ਤੇ ਹੋਰ ਤੰਤੀ ਸਾਜ਼ ਵਜਾਉਣੇ ਸਿੱਖ ਗਿਆ। ਰਾਗ

ਵਿਦਿਆ ਤੇ ਕੀਰਤਨ ਸਿੱਖਣ ਨਾਲ ਸੋਨੇ 'ਤੇ ਸੁਹਾਗੇ ਵਾਲਾ ਕੰਮ ਹੋਇਆ। ਭਾਈ ਸਾਹਿਬ ਦਾ ਗਲਾ ਬੜਾ ਸੁਰੀਲਾ ਸੀ ਤੇ ਦਿਲ ਵਿੱਚ ਹੁਨਰ ਸਿੱਖਣ ਦੀ ਲਗਨ ਵੀ ਅਥਾਹ ਸੀ। ਭਾਈ ਲਾਲ ਸਿੰਘ ਤੇ ਭਾਈ ਨੱਥਾ ਸਿੰਘ ਆਪਦੇ ਉਸਤਾਦ ਸਨ, ਜਿਨ੍ਹਾਂ ਬੜੇ ਪਿਆਰ, ਸ਼ਰਧਾ ਤੇ ਸ਼ੌਕ ਨਾਲ ਉਨ੍ਹਾਂ ਨੂੰ ਸਿੱਖਿਆ ਦਿੱਤੀ ਭਾਈ ਦਿਲਬੀਰ ਸਿੰਘ ਤੇ ਬਾਈ ਦਿਲਦਾਰ ਸਿੰਘ ਜੋ ਹੁਣ ਵੀ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਹਨ, ਉਦੋਂ ਭਾਈ ਗੋਪਾਲ ਸਿੰਘ ਸਹਿਯੋਗੀ ਹੁੰਦੇ ਸਨ। ਇਨ੍ਹਾਂ ਦੋਹਾਂ ਨੇ 1953 ਤੋਂ 1957 ਤਕ ਭਾਈ ਗੋਪਾਲ ਸਿੰਘ ਪਾਸੋਂ ਸਿੱਖਿਆ ਪ੍ਰਾਪਤ ਕੀਤੀ ਤੇ ਫੇਰ ਤਿਹਨਾਂ ਨੇ ਰਲ ਕੇ ਆਪਣਾ ਕੀਰਤਨੀ ਜਥਾ ਬਣਾ ਲਿਆ, 1957 ਤੋਂ 1970 ਤਕ ਇਹ ਗੁਰਦੁਆਰਾ ਸੀਸ ਗੰਜ ਦਿੱਲੀ ਵਿੱਚ ਕੀਰਤਨ ਕਰਦਾ ਰਿਹਾ ਤੇ 1971 ਤੋਂ ਮਾਰਚ 1973 ਤਕ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਕੀਰਤਨ ਕਰਦੇ ਰਹੇ। ਸੀਸ ਗੰਜ ਦਿੱਲੀ ਵਿੱਚ ਇਸ ਜਥੇ ਨੂੰ ਪੰਥ ਦੇ ਪ੍ਰਸਿੱਧ ਰਾਗੀ ਭਾਈ ਸੁਰਜਨ ਸਿੰਘ ਜੀ ਲੈ ਗਏ ਸਨ। ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਦ ਸਮੇਂ ਭਾਈ ਗੋਪਾਲ ਸਿੰਘ ਦੇ ਜਥੇ ਦੀ ਬਹੁਤ ਚੜ੍ਹਤ ਰਹੀ ਹੈ। ਜਦੋਂ ਆਪ ਸ੍ਰੀ ਹਰਿਮੰਦਰ ਸਿੰਘ ਵਿਖੇ ਹਾਜ਼ਰੀ ਭਰਿਆ ਕਰਦੇ ਸਨ ਤਾਂ ਸੰਗਤਾਂ ਹੁੰਮ-ਹੁੰਮਾ ਕੇ ਪੁੱਜਦੀਆਂ ਸਨ ਤੇ ਰਸ-ਭਿੰਨੇ ਕੀਰਤਨ ਦਾ ਆਨੰਦ ਮਾਣਦੀਆਂ।

ਪੰਜ ਅਪ੍ਰੈਲ 1973 ਨੂੰ ਅਚਾਨਕ ਭਾਈ ਗੋਪਲ ਸਿੰਘ ਦੇ ਹਿਰਦੇ ਦੀ ਗਤੀ ਰੁੱਕ ਜਾਣ ਕਰਕੇ ਉਹ ਅਕਾਲ ਚਲਾਣਾ ਕਰ ਗਏ ਤੇ ਪਿੱਛੇ ਛੱਡ ਗਏ ਆਪਣੇ ਗਾਇਨ ਕੀਤੇ ਗੁਰਬਾਣੀ ਸ਼ਬਦਾਂ ਦਾ ਅਖੁੱਟ ਭੰਡਾਰ।

# ਕਮਾਲ ਦੇ ਕੀਰਤਨੀਏ ਭਾਈ ਬਖਸ਼ੀਸ ਸਿੰਘ

ਹਰਜਿੰਦਰ ਸਿੰਘ ਮਝੈਲ

ਗੁਰੂ ਘਰ ਦੀ ਕੀਰਤਨ ਪਰੰਪਰਾ ਵਿਚ ਅਮਿੱਟ ਛਾਪ ਛੱਡਣ ਵਾਲਿਆਂ ਵਿਚੋਂ ਭਾਈ ਸਾਹਿਬ ਬਖਸ਼ੀਸ਼ ਸਿੰਘ ਰਾਗੀ ਦਾ ਨਾਂ ਜਾਣ ਪਹਿਚਾਣ ਦਾ ਮੁਥਾਜ ਨਹੀਂ ਹੈਂ। ਉਹ ਉਨ੍ਹਾਂ ਉਸਤਾਦ ਕੀਰਤਨੀਆਂ ਵਿਚੋਂ ਸਨ ਜਿਨ੍ਹਾਂ ਨੇ 40 ਸਾਲ ਦੇ ਲੰਮੇ ਅਰਸੇ ਤੱਕ ਨਿਰੋਲ ਕੀਰਤਨ ਕਰ ਕੇ ਨਾ ਕੇਵਲ ਸਿੱਖ ਸੰਗਤਾਂ ਨੂੰ ਨਿਹਾਲ ਹੀ ਕੀਤਾ ਸਗੋਂ ਉਨ੍ਹਾਂ ਵਿਚ ਕੀਰਤਨ ਲਈ ਅਥਾਹ ਸ਼ਰਧਾ ਅਤੇ ਲਗਾਓ ਵੀ ਪੈਦਾ ਕੀਤਾ।

ਭਾਈ ਸਾਹਿਬ ਦਾ ਜਨਮ 29 ਜੂਨ 1933 ਨੂੰ ਪਿਤਾ ਰਾਗੀ ਭਾਈ ਕਿਰਪਾਲ ਸਿੰਘ ਅਤੇ ਮਾਤਾ ਰਾਮ ਕੌਰ ਦੇ ਗ੍ਰਹਿ ਵਿਖੇ ਹੋਇਆ। ਸੰਗੀਤਕ ਪਰਿਵਾਰ ਦੇ ਪ੍ਰਭਾਵ ਨੂੰ ਭਾਈ ਸਾਹਿਬ ਨੇ ਆਪਣੇ ਬਚਪਨ ਵਿਚ ਹੀ ਆਪਣੇ ਦਾਦਾ ਰਾਗੀ ਜਵਾਲਾ ਸਿੰਘ ਅਤੇ ਪਿਤਾ ਜੀ ਪਾਸੋਂ ਕਬੂਲ ਲਿਆ ਸੀ। ਇਸੇ ਤਰ੍ਹਾਂ ਉਨ੍ਹਾਂ ਦੇ ਬਾਲ ਉਤਸ਼ਾਹ ਨੂੰ ਹਰਖੋਕਵਾਲ ਵਾਲੇ ਮਹਾਂਪੁਰਸ਼ ਬਾਬਾ ਖੜਗ ਸਿੰਘ ਦੀ ਨੇ ''ਮਾਈ ਗੁਰਚਰਣੀ ਚਿਤ ਲਾਈਐ'' ਸ਼ਬਦ ਸੁਣ ਕੇ ਥਾਪੜਾ ਤੇ ਅਸੀਸ ਦਿੰਦਿਆਂ ਹੋਰ ਵੀ ਚਾਰ ਚੰਨ ਲਾ ਦਿੱਤੇ ਅਤੇ ਕਿਹਾ ਕਿ ਇਹ ਬਾਲ ਵੱਡਾ ਹੋ ਕੇ ਗੁਰੂ ਘਰ ਦਾ ਜੱਸ ਗਾਉਣ ਵਾਲਾ ਨਾਮੀ ਕੀਰਤਨੀਆ ਹੋਵੇਗਾ।

ਭਾਈ ਸਾਹਿਬ ਦੀ ਗੁਰਬਾਣੀ ਗਾਇਨ ਕਲਾ ਬੇਜੋੜ ਅਤੇ ਨਿਵੇਕਲੀ ਸੀ। ਉਨ੍ਹਾਂ ਨੂੰ ਬਹੁਤ ਹੀ ਜ਼ਿਆਦਾ ਬਾਣੀ ਕੰਠ ਸੀ। ਸ਼ੁੱਧ ਅਤੇ ਸਪਸ਼ਟ ਉਚਾਰਣ ਦੇ ਨਾਲ ਗੁਰਬਾਣੀ ਵਿਆਕਰਣ ਵਿਧਾਨ ਦੀ ਉਨ੍ਹਾਂ ਨੂੰ ਭਰਪੂਰ ਸਮਝ ਸੀ। ਉਨ੍ਹਾਂ ਨੂੰ ਸੁਰ, ਤਾਲ , ਲੈਅ ਤੇ ਰਾਗਬੱਧ ਕੀਰਤਨ ਕਰਨ ਦੇ ਨਾਲ ਨਾਲ ਬਹੁਤ ਹੀ ਜ਼ਿਆਦਾ ਮਿਠਾਸ ਅਤੇ ਸਰਲਤਾ ਵੀ ਸੀ। ਗੁਰਬਾਣੀ ਦੇ ਬੋਲਾਂ ਨੂੰ ਨਿਖੇੜ ਨਿਖੇੜ ਕੇ ਗਾਉਣਾ ਇੰਜ ਹੀ ਉਨ੍ਹਾਂ ਦੀ ਅਰਥ ਗਹਿਰਾਈ ਵਿਚ ਪੁੱਜਣਾ ਤੇ ਭਿੱਜਣਾ ਉਨ੍ਹਾਂ ਦੀ ਖਾਸ ਵਿਸ਼ੇਸ਼ਤਾ ਸੀ। ਉਨ੍ਹਾਂ ਦੀ ਆਵਾਜ਼ ਵਿਚਲੀ ਮਿਠਾਸ, ਅਤੇ ਬੁਲੰਦੀ ਦੀ ਆਪਣੀ ਪਹਿਚਾਣ ਸੀ। ਭਾਈ ਸਾਹਿਬ ਦੇ ਸਰੋਤਿਆਂ ਅਤੇ ਪ੍ਰਸੰਸਕਾਂ ਦਾ ਦਾਇਰਾ ਵਿਸ਼ਵ-ਵਿਆਪੀ ਸੀ। ਸਭ ਧਰਮਾਂ ਤੇ ਵਰਗਾਂ ਦੀ ਸੰਗਤ ਵਲੋਂ ਉਹ ਸਤਿਕਾਰੇ ਜਾਂਦੇ ਸਨ। ਉਹ ਸੰਗਤ ਨੂੰ ਬਹੁਤ ਹੀ ਮਹੱਤਵ ਦਿੰਦੇ। ਆਮ ਸੰਗਤ ਲਈ ਉਹ ਰਾਗ ਨੂੰ ਬੜੀ ਸਰਲਤਾ ਨਾਲ ਪੇਸ਼ ਕਰ ਕੇ ਸੰਗਤਾਂ ਦਾ ਰੁਚੀ, ਮਿਆਰ ਤੇ ਸੂਝ ਮੁਤਾਬਿਕ ਆਪਣੇ ਆਪ ਨੂੰ ਢਾਲਦੇ ਸਨ। ਭਾਈ ਸਾਹਿਬ ਗੁਰੂ ਘਰ ਦੀ ਕੀਰਤਨ ਟਕਸਾਲ ਦੀਆਂ ਪ੍ਰਾਚੀਨ ਰੀਤਾਂ, ਧੁਨਾਂ, ਤਰਜ਼ਾ ਤੇ ਬੰਦਿਸ਼ਾਂ ਦੇ ਜਿਥੇ ਅਨਮੋਲ ਖਜ਼ਾਨੇ ਸਨ, ਉੱਥੇ ਉਹ ਨਵੀਆਂ ਰੀਤਾਂ ਬੰਦਿਸ਼ਾਂ ਦੇ ਪਿਤਾਮਾ ਵੀ ਸਨ। ਉਹ ਇਕ ਹੀ ਸ਼ਬਦ ਨੂੰ ਕਈ ਰੀਤਾਂ ਤੇ ਰੂਪਾਂ ਵਿਚ ਗਾਉਣ ਦੀ ਮੁਹਾਰਤ ਰੱਖਦੇ ਸਨ। ਸ਼ੁੱਧ ਤੇ ਸ਼ਾਸਤਰੀ ਸੰਗੀਤ ਵਿਚ ਬਝੀਆਂ ਰੀਤਾਂ ਤੇ ਬੰਦਿਸ਼ਾਂ ਦੀ ਪਰੰਪਰਾਂ ਨੂੰ 'ਰਾਗੀ' ਭਾਈ ਸਮੁੰਦ ਸਿੰਘ ਤੋਂ ਪਿਛੋਂ ਉਨ੍ਹਾਂ ਨੇ ਅਖੀਰ ਤੱਕ ਕਾਇਮ ਰਖਿਆ।

ਭਾਈ ਸਾਹਿਬ ਨੇ ਕੀਰਤਨ ਪਰੰਪਰਾ ਦੀ ਮੌਲਿਕਤਾ, ਨਿਵੇਕਲਤਾ ਤੇ ਸਾਰਥਿਕਤਾ ਨੂੰ ਬਰਕਰਾਰ ਰਖਿਆ। ਉਹ ਆਪਣੀ ਉਮਰ ਦੇ ਪਿਛਲੇਰੇ ਦਿਨਾਂ ਵਿਚ ਵੱਡੀਆ ਵੱਡੀਆ ਕੀਰਤਨ ਸਟੇਜਾਂ ਤੇ ਦਰਬਾਰਾਂ ਵਿਚ ਸਾਫ ਤੇ ਸਪਸ਼ਟ ਸ਼ਬਦਾਂ ਵਿਤ ਸੰਗਤ ਅਤੇ ਨਵ-ਕੀਰਤਨੀਆਂ ਨੂੰ ਪੁਰਾਣੀ ਕੀਰਤਨ ਟਕਸਾਲ, ਰਹੁਰੀਤ ਅਤੇ ਮਰਿਯਾਦਾ ਦੀ ਯਾਦ ਸੱਜਰੀ ਕਰਵਾ ਕੇ ਉਸ ਨੂੰ ਸਾਂਭਣ ਲਈ ਪ੍ਰੇਰਦੇ ਅਤੇ ਉਪਦੇਸ਼ਦੇ ਸਨ। ਭਾਈ ਸਾਹਿਬ ਜੀ ਸਰਬ ਮਕਬੂਲ ਉਸਤਾਦ ਕੀਰਤਨੀਏ ਸਨ।

ਇਸ ਕਰਕੇ ਅਜੋਕੇ ਕੀਰਤਨੀਏ ਉਨ੍ਹਾਂ ਦੇ ਸ਼ਿਸ ਅਤੇ ਸਾਥੀ ਅਖਵਾਉਣ ਵਿਚ ਫ਼ਖਰ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਪ੍ਰਮੁੱਖ ਸਾਥੀਆਂ ਵਿਚੋਂ ਭਾਈ ਮੋਹਨ ਸਿੰਘ, ਭਾਈ ਕੁਲਵੰਤ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਬਲਦੇਵ ਸਿੰਘ (ਫਤਿਹਗੜ੍ਹ ਸਾਹਿਬ), ਭਾਈ ਸੁਰਜੀਤ ਸਿੰਘ (ਹਜੂਰੀ ਰਾਗੀ ਹਰਿਮੰਦਰ ਸਾਹਿਬ), ਭਾਈ ਹਰਜੀਤ ਸਿੰਘ ਅਤੇ ਡਾ. ਜਾਗੀਰ ਸਿੰਘ (ਚੰਡੀਗੜ੍ਹ) ਆਦਿ ਹਨ। ਭਾਈ ਰਣਧੀਰ ਸਿੰਘ ਹਜ਼ੂਰੀ ਰਾਗੀ (ਦਮਦਮਾ ਸਾਹਿਬ) ਅਤੇ ਭਾਈ ਸੁਖਦੇਵ ਸਿੰਘ ਹਜ਼ੂਰੀ ਰਾਗੀ (ਤਰਨਤਾਰਨ ਸਾਹਿਬ) ਦੋਵੇਂ ਹੀ ਉਨ੍ਹਾਂ ਦੀ ਆਵਾਜ਼ ਅਤੇ ਅੰਦਾਜ਼ ਨੂੰ ਪੂਰੀ ਤਰ੍ਹਾਂ ਅਪਣਾਉਣ ਵਿਚ ਬੇਹੱਦ ਕਾਮਯਾਬ ਹੋ ਰਹੇ ਹਨ। ਭਾਈ ਸਾਹਿਬ ਜਿਹੇ ਕੀਰਤਨੀਆਂ ਦੀ ਥੁੜ੍ਹ ਕਦੇ ਨਾ ਪੂਰੀ ਹੋਣ ਵਾਲੀ ਹੈ।

# ਕੀਰਤਨ

ਕਾਲਾ ਸਿੰਘ ਬੇਦੀ

ਆਮ ਵਿਚਾਰ ਹੈ ਕਿ ਸੰਤਾਂ ਦੀਆਂ ਬਾਣੀਆਂ ਨੂੰ ਸੰਗੀਤ ਵਿਚ ਢਾਲ ਕੇ ਗਾਉਣ ਕੀਰਤਨ ਹੈ। ਇਹ ਵੀ ਠੀਕ ਹੈ ਕਿਉਂ ਜੋ ਬਾਹਰਲੀ ਸੰਗੀਤਮਈ ਬਾਣੀ ਵਿਚ ਮਨ ਨੂੰ ਖਿਚਣ ਦੀ ਤਾਕਤ ਹੁੰਦੀ ਹੈ, ਪਰ ਕੀਰਤਨ ਵਾਸਤਵ ਵਿਚ ਅੰਦਰਲੀ ਧੁਨੀ ਨੂੰ ਕਿਹਾ ਜਾਂਦਾ ਹੈ। ਸੰਸਾਰੀ ਜੀਵਾਂ ਨੂੰ ਖਿਚਣ ਲਈ ਤੋ ਤਾਕਤਾਹ ਹਨ-ਇਕ ਰੂਪ ਦੂਸਰੀ ਆਵਾਜ਼ 'ਸੰਗੀਤਮਈ ਮਿਠੀ ਧੁਨੀ'। ਇਨ੍ਹਾਂ ਦੋਹਾਂ ਵਿਚੋਂ ਆਵਾਜ਼ ਵਿਚ ਖਿਚਣ ਦੀ ਸ਼ਕਤੀ ਜ਼ਿਆਦਾ ਹੈ। ਪਰਿੰਦੇ ਅਤੇ ਦਰਿੰਦੇ ਵੀ ਅਵਾਜ਼ ਉਪਰ ਮੋਹਤ ਹੋ ਜਾਂਦੇ ਹਨ। ਸਪ ਬੀਨ ਨੂੰ ਸੁਣ ਕੇ ਬਾਵਲਾ ਹੋ ਜਾਂਦਾ ਹੈ; ਬਦਲ ਦੀ ਗਰਜ ਸੁਣ ਕੇ ਮੋਰ ਨਚ ਉਠਦੇ ਹਨ। ਇਨਸਾਨਾਂ ਉਪਰ ਤੇ ਆਵਾਜ਼ ਦਾ ਬਹੁਤ ਹੀ ਡੂੰਘਾ ਅਸਰ ਹੁੰਦਾ ਹੈ। ਗੁਰਬਾਣੀ ਵਿਚ ਅੰਦਰਲੀ ਧੁਨਿ ਉਪਰ ਜ਼ੋਰ ਦਿਤਾ ਗਿਆ ਹੈ ਅਤੇ ਗੁਰੂ ਸਾਹਿਬ ਨੇ 'ਇਸ 'ਧੁਨਿ' ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਕਰਕੇ ਕੇ 'ਅਖੰਡ-ਕੀਰਤਨ' ਕਿਹਾ ਹੈ। ਮੁਸਲਮਾਨ ਫ਼ਕੀਰਾਂ ਵਿਚ ਇਸ ਨੂੰ 'ਸਮਾਅ' ਕਿਹਾ ਹੈ।

ਇਹ ਅਮੋਲ ਖ਼ਜ਼ਾਨਾ ਪਰਗਟੁ ਚਾਨਣੁ ਸੰਸਾਰਿ।

ਗੁਰਮੁਖਿ ਕੋਈ ਉਤਰੈ ਪਾਰਿ।

ਜਿਸ ਨੋ ਨਦਰਿ ਕਰੇ ਤਿਸੁ ਦੇਵੈ।

ਨਾਨਕ ਗੁਰਮੁਖਿ ਰਤਨ ਸੋ ਲੇਵੈ। (ਮਾਝ ਵਾਰ।)

ਕੀਰਤਨ ਮਨੁੱਖ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰ ਦਿੰਦਾ ਹੈ।

ਸੰਤਾ ਕੀ ਰੇਣੁ ਸਾਧ ਜਨ ਸੰਗਤਿ ਹਰਿ ਕੀਰਤਿ ਤਰੁ ਤਾਰੀ।

ਕਹਾ ਕਰੈ ਬਪੁਰਾ ਜਮੁ ਡਰਪੈ ਗੁਰਮੁਖਿ ਰਿਦੈ ਮੁਰਾਰੀ। (ਪ੍ਰਭਾਤੀ ਮ:1)

ਕੀਰਤਨ ਸੁਣ ਕੇ ਮਨੁੱਖ ਦੇ ਮਨ ਨੂੰ ਸ਼ਾਂਤੀ ਮਿਲਦੀ ਹੈ। ਘਰ ਵਿਚ ਰਹਿੰਦੇ ਹੋਏ ਵੀ ਮਨੁੱਖ ਤਿਆਗੀ ਹੁੰਦਾ ਹੈ, ਕਿਉਂਕਿ ਕੀਰਤਨ ਦੇ ਅਸਰ ਹੇਠ ਮਨੁੱਖ ਸਭ ਵਿਕਾਰਾਂ ਨੂੰ ਤਿਆਗ ਦਿੰਦਾ ਹੈ।

ਗ੍ਰਿਹ ਬਨੁ ਸਮਸਰਿ ਸਹਜਿ ਸੁਭਾਇ।

ਦੁਰਮਤਿ ਗਤੁ ਭਾਈ ਕੀਰਤਿ ਠਾਇ। (ਆਸਾ ਮ:1)

ਕੀਰਤਨ ਨਾਲ ਮਨ ਡਿਗਿਆ ਹੋਇਆ ਉੱਠ ਖੜੋਂਦਾ ਹੈ:-

ਪਤੁ ਵੀਚਾਰੁ ਗਿਆਨ ਮਤਿ ਡੰਡਾ ਬਿਭੂਤੰ।

ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥ ਅਤੀਤ। (ਆਸਾ ਮ:1)

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ।

ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ। (ਆਸਾ ਵਾਰ ਮ:1)

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਤੇ ਕਾਵਿ ਦਾ ਸੰਜੋਗ

ਡਾ. ਤਾਰਨ ਸਿੰਘ

### ਰਾਗ ਮਲਾਰ

'ਮਲਾਰ' 'ਬਰਖਾ' ਦਾ ਰਾਗ ਹੈ-ਇਹ ਮੋਟੀ ਜਹੀ ਗਲ ਹੈ। 'ਬਦਲ' ਗੁਰੂ ਹੈ; 'ਬਾਣੀ' ਮੀਂਹ ਹੈ; ਮੱਨੁਖੀ 'ਹਿਰਦਾ' ਧਰਤੀ ਹੈ; ਹਿਰਦੇ ਦੀ ਸਿੰਚਾਈ ਦੁਆਰਾ 'ਨਾਮ' ਖੇਤੀ ਉਗਦੀ ਹੈ- ਇਹੋ ਜਿਹੇ ਸੰਕੇਤ ਹਨ ਜੋ 'ਮਲਾਰ' ਦਾ ਵਾਯੂ ਮੰਡਲ ਉਤਪੰਨ ਕਰਦੇ ਹਨ। 'ਪਤੀ -ਪਤਨੀ' ਦੇ ਮਿਲਾਪ ਦਾ ਚਿੰਨ੍ਹ ਲੈ ਕੇ 'ਬਰਖਾ' ਦਾ ਮੰਡਲ ਦਰਸਾਇਆ ਹੈ।

ਮਲਾਰ ਮਹਲ ੧

ਕਰਉ ਬਿਨਉ ਗੁਰ ਅਪਨੇ ਪ੍ਰੀਤਮ, ਹਰਿ ਵਰੁ ਆਣਿ ਮਿਲਾਵੈ॥
ਸੁਣਿ ਘਨਘੋਰ ਸੀਤਲੁ ਮਨੁ ਮੋਰਾ, ਲਾਲ ਰਤੀ ਗੁਣ ਗਾਵੈ॥੧॥
ਬਰਸੁ ਘਨਾ ਮੇਰਾ ਮਨੁ ਭੀਨਾ॥
ਅੰਮ੍ਰਿਤ ਬੂੰਦ ਸੁਹਾਨੀ ਹੀਅਰੈ, ਗੁਰਿ ਮੋਹੀ ਮਨੁ ਹਰਿ ਰਸਿ ਲੀਨਾ॥੧॥ ਰਹਾਉ॥
...     ... ... ... ...

ਸਲੋਕ ਮਹਲਾ ੩ (ਵਾਰ ਮਲਾਰ ਵਿਚੋਂ)

ਬਾਬੀਹਾ ਜਿਸਨੋ ਤੂ ਪੁਕਾਰਦਾ ਤਿਸਨੋ ਲੋਚੈ ਸਭੁ ਕੋਇ॥
ਅਪਨੀ ਕਿਰਪਾ ਕਰਿ ਕੈ ਵਸਸੀ, ਵਣੁ ਤ੍ਰਿਣ ਹਰਿਆ ਹੋਇ॥
ਗੁਰਪਰਸਾਦੀ ਪਾਈਐ ਵਿਰਲੈ ਬੂਝੈ ਕੋਇ॥
ਬਹਦਿਆ ਉਠਦਿਆ ਨਿਤ ਧਿਆਈਐ ਸਦਾ ਸਦਾ ਸੁਖ ਹੋਇ॥
ਨਾਨਕ ਅੰਮ੍ਰਿਤ ਸਦ ਹੀ ਵਰਸਦਾ, ਗੁਰਮੁਖਿ ਦੇਵੈ ਹਰਿ ਸੋਇ॥

ਮ:੩॥

ਕਲਿਮਲਿ ਹੋਈ ਮੇਦਨੀ, ਅਰਦਾਸਿ ਕਰੇ ਲਿਵ ਲਾਇ॥
ਸਚੈ ਸੁਣਿਆ ਕੰਨੁ ਦੇ, ਧੀਰਜ ਦੇਵੈ ਸਹਜਿ ਸੁਭਾਇ॥
ਇੰਦ੍ਰੈ ਨੋ ਫੁਰਮਾਇਆ, ਵੁਠਾ ਛਹਬਰ ਲਾਇ॥
ਅਨੁ ਧਨੁ ਉਪਜ ਬਹੁ ਘਣਾ, ਕੀਮਤਿ ਕਹਣੁ ਨ ਜਾਇ॥
ਨਾਨਕ ਨਾਮੁ ਸਲਾਹਿ ਤੂ, ਸਭਨਾ ਜੀਆ ਦੇਦਾ ਰਿਜਕੁ ਸੰਬਾਹਿ॥
ਜਿਤੁ ਖਾਧੈ ਸੁਖੁ ਉਪਜੈ, ਫਿਰਿ ਦੂਖੁ ਨ ਲਾਗੈ ਆਇ॥

ਬਾਬੀਹਾ, ਵਸਸੀ, ਵਣਤ੍ਰਿਣ ਹਰਿਆ, ਸਦਾ ਸੁਖ, ਅੰਮ੍ਰਿਤ ਵਰਸਦਾ, ਮੇਦਨੀ, ਵੂਠਾ ਛਹਬਰ ਲਾਇ, ਅਨੁਧਨੁ, ਆਦਿ ਸਭ ਰਾਗ ਦੇ ਸੁਝਾਊ ਪ੍ਰਤੀਕ ਹਨ।

ਮਲਾਰ ਮਹਲਾ ੫

ਘਨਿਹਰ ਬਰਸਿ ਸਗਲ ਜਗੁ ਛਾਇਆ॥

ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ, ਅਨਦ ਮੰਗਲ ਸੁਖ ਪਾਇਆ॥੧॥ ਰਹਾਉ॥

ਰਾਗ ਮਾਰੂ

ਰਾਗ ਮਾਰੂ ਬਾਰੇ ਮੋਟੀ ਜਿਹੀ ਗਲ ਇਹ ਹੈ ਕਿ ਇਹ ਜੁਧ, ਮੌਤ ਤੇ ਮਾਰੂਥਲ ਦਾ ਰਾਗ ਹੈ। ਵੇਖੋ ਇਸ ਵਾਈਊ ਮੰਡਲ ਨੂੰ ਕਿਵੇਂ ਪੈਦਾ ਕੀਤਾ ਗਇਆ ਹੈ:-

ਮਾਰੂ ਮਹਲਾ ੧

ਅਹਿਨਿਸਿ ਜਾਗੈ ਨੀਂਦ ਨ ਸੋਵੈ॥ ਸੋ ਜਾਣੈ ਜਿਸੁ ਵੇਦਨ ਹੋਵੈ॥
ਪ੍ਰੇਮ ਕੇ ਕਾਨ ਲਗੇ ਤਨਿ ਭੀਤਰਿ, ਵੈਦੁ ਕਿ ਜਾਣੈ ਕਾਰੀ ਜੀਉ॥
ਪ੍ਰੇਮ ਸੇਤੀ ਧਨ ਪ੍ਰੇਮੁ ਰਚਾਏ॥ ਗੁਰਕੈ ਸਬਦਿ ਤਥਾ ਚਿਤੁ ਲਾਏ॥
ਸਹਜ ਸੇਤੀ ਧਨ ਖਰੀ ਸੁਹੇਲੀ, ਤ੍ਰਿਸਨਾ ਤਿਖਾ ਨਿਵਾਰੀ ਜੀਉ॥੨।
ਸਹਸਾ ਤੋੜੇ ਭਰਮੁ ਚੁਕਾਏ॥ ਸਹਜੇ ਸਿਫਤੀ ਧਣਖੁ ਚੜਾਏ॥
ਗੁਰ ਕੈ ਸਬਦਿ ਮਰੈ ਮਨੁ ਮਾਰੇ, ਸੁੰਦਰਿ ਜੋਗਾਧਾਰੀ ਜੀਉ॥੩॥
ਹਉਮੈ ਜਲਿਆ ਮਨਹੁ ਵਿਸਾਰੇ॥ ਜਮਪੁਰਿ ਵਜਹਿ ਖੜਗ ਕਰਾਰੇ॥
ਅਬ ਕੈ ਕਹਿਐ ਨਾਮੁ ਨ ਮਿਲਈ, ਤੂ ਸਹੁ ਜੀਅੜੇ ਭਾਰੀ ਜੀਉ॥੪॥
(ਇਸ ਪਦੇ ਵਿਚ ਹਥਿਆਰਾਂ ਦੀ ਪ੍ਰਦਰਸ਼ਨੀ ਹੀ ਵੇਖ ਲਓ।)

ਮਹਲਾ ੩

ਮਹਲਾ ਤੀਜਾ ਦੇ ਸਲੋਕ ਤੇ ਪਉੜੀਆਂ ਵਾਰ ਮਾਰੂ ਵਿਚੋਂ ਵੇਖੋ:-

ਪਉੜੀ॥ ਜੋ ਜਨ ਲੂਝਹਿ ਮਨੈ ਸਿਉ, ਸੇ ਸੂਰੇ ਪਰਧਾਨਾ॥
ਹਰਿ ਸੇਤੀ ਸਦਾ ਮਿਲਿ ਰਹੇ, ਜਿਨੀ ਆਪ ਪਛਾਨਾ॥
ਗਿਆਨੀਆਂ ਦਾ ਇਹੁ ਮਹਤੁ ਹੈ, ਮਨ ਮਾਹਿ ਸਮਾਨਾ॥
ਹਰਿ ਜੀਉ ਕਾ ਮਹਲੁ ਪਾਇਆ, ਸਚੁ ਲਾਇ ਧਿਆਨਾ॥
ਜਿਨ ਗੁਰਪਰਸਾਦੀ ਮਨੁ ਜੀਤਿਆ, ਜੁਗਤਿ ਨਹਿ ਜਿਤਾਨਾ॥
ਲੂਝਹਿ, ਸੂਰੇ, ਮਨੁ ਜੀਤਿਆ, ਜਗੁ ਜਿਤਾਨਾ ਆਦਿ ਸਭ ਰਾਗ ਵਲ ਸੰਦੇਹ ਕਰਦੇ ਹਨ। ਤਥਾ:

ਮ:੩॥ ਮਾਰੂ ਮਾਰਣ ਜੋ ਗਏ, ਮਾਰਿ ਨ ਸਕਹਿ ਗਵਾਰ॥

ਨਾਨਕ ਜੇ ਇਹੁ ਮਾਰੀਐ ਗੁਰ ਸਬਦੀ ਵੀਚਾਰਿ॥

ਏਹੁ ਮਨੁ ਮਾਰਿਆ ਨਾ ਮਰੈ, ਜੇ ਲੋਚੈ ਸਭੁ ਕੋਇ॥

ਨਾਨਕ ਮਨ ਹੀ ਕਉ ਮਨੁ ਮਾਰਸੀ, ਜੇ ਸਤਿਗੁਰ ਭੇਟੈ ਸੋਇ॥

ਮਾਰੂ ਮਹਲਾ ੫

ਸੂਰਮਗਤੀ (ਸਿਪਾਹੀ) ਦੇ ਇਹ ਸਰੂਪ ਵੇਖੋ:-

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ।।
ਨਾਮ ਰਤਨੁ ਗੁਣਾ ਹਰਿ ਬਣਜੇ, ਲਾਦਿ ਵਖਰੁ ਲੈ ਚਾਲਿਓ।।
ਸੇਵਕੁ ਕੀ ਓੜਕਿ ਨਿਬਹੀ ਪ੍ਰੀਤਿ।।
ਜੀਵਤ ਸਾਹਿਬੁ ਸੇਵਿਓ ਅਪਨਾ, ਚਲਤੇ ਰਾਖਿਓ ਚੀਤਿ।।੧।। ਰਹਾਉ।।
ਜੈਸੀ ਆਗਿਆ ਕੀਨੀ ਠਾਕੁਰਿ, ਤਿਸਤੇ ਮੁਖੁ ਨਹੀਂ ਮੋਰਿਓ।।
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ, ਉਠਿ ਉਆਹੂ ਕਉ ਦਉਰਿਓ।।੨।।
ਆਗਿਆ ਮਹਿ ਭੂਖ, ਸੋਈ ਕਰਿ ਸੂਖਾ ਕਰਿ ਸੂਖਾ, ਸੋਗ ਹਰਖ ਨਹੀਂ ਜਾਨਿਓ।।
ਜੋ ਜੋ ਹੁਕਮੁ ਭਇਓ ਸਾਹਿਬੁ ਕੋ, ਸੋ ਮਾਥੈ ਲੇ ਮਾਨਿਓ।।੩।।
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ, ਸਵਰੇ ਹਲਤ ਪਲਾਤਾ।।
ਧੰਨੁ ਸੇਵਕੁ ਸਫਲੁ ਓਹੁ ਆਇਆ, ਜਿਨਿ ਨਾਨਕ ਖਸਮੁ ਪਛਾਤਾ।।੪।।੫।।
ਇਹ ਹੈ ''ਅਬ ਮੋਹਿ ਜੀਵਨ ਪਦਵੀ ਪਾਈ।। (ਪੰਨਾ ੧੦੦੫)

ਕਬੀਰ ਜੀ

ਕਬੀਰ ਜੀ ਆਤਮਕ ਰਣ ਤੱਤੇ ਦਾ ਨਕਸ਼ਾ ਦਿੰਦੇ ਹਨ:

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਓ।।

ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ।।੧।।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ।।

ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ।।੨।।੨।।

ਰਵਿਦਾਸ ਜੀ

ਰਵਿਦਾਸ ਜੀ ਦੀ ਇਸ ਪਦੇ ਵਿਚ ਮਾਰੂ ਰਾਗ ਦੀ ਭਾਵਨਾ ਹੈ, ਪਰ ਸੰਕੇਤਕ ਤੇ ਗੌਹਜ ਤਰੀਕੇ ਦੀ। ਜੁਧ ਹੀ ਨੀਚਾਂ ਨੂੰ ਊਚ ਕਰਦਾ ਹੈ, ਪ੍ਰਮਾਤਮਾ ਦੇ ਸਿਰ ਤੇ ਛਤ੍ਰ ਹੈ:

ਐਸੀ ਲਾਲ ਤੁਝ ਬਿਨੁ ਕਉਨੁ ਕਰੈ।।

ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ।।੧।।ਰਹਾਉ।।

ਜਾਕੀ ਛੋਤਿ ਜਗਤ ਕਉ ਲਾਗੈ, ਤਾ ਪਰ ਤੁਹੀ ਢਰੈ।।

ਨੀਚਹ ਊਚ ਕਰੈ ਮੇਰਾ ਗੋਬਿੰਦ, ਕਾਹੂ ਤੇਂ ਨ ਡਰੈ।।੧।।

ਨਾਮ ਦੇਵ ਕਬੀਰੁ ਤਿਲੋਚਨੁ, ਸੁਧਨਾ ਸੈਨੁ ਤਰੈ।।

ਕਹਿ ਰਵਿਦਾਸੁ ਸੁਨਹੁ ਰੇ ਸੰਤਹੁ, ਹਰਿ ਜੀਉ ਤੇ ਸਭੈ ਸਰੈ।।੨।।੧।।

# ਸਿਰੀ ਰਾਗ

ਸ੍ਰ. ਗਿਆਨ ਸਿੰਘ ਐਬਟਾਬਾਦ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਸ | - | ਸ | ਪ | - | ਪ | ਧੁ | - | ਧੁ | ਪ | - | ਪ |
| ਤੋ | s | ਹੀ | ਮੋ | s | ਹੀ | ਮੋ | s | ਹੀ | ਤੋ | s | ਹੀ |
| ਮੇ | - | - | ਧੁ | - | ਸਂ | ਠ | - | ਧੁ | ਪ | - | - |
| ਅੰ | s | s | ਤ | s | ਰੁ | ਕੈ | s | s | ਸਾ | s | s |
| ਗ | ਰੇ | ਸ | ਪ | ਪ | ਪ | ਰੁ | ਗ | ਰੁ | ਸ | - | ਸ |
| ਕ | ਨ | ਕ | ਕ | ਟਿ | ਕ | ਜ | ਲ | ਤ | ਰੰ | s | ਗ |
| ਸ | ਸ | ਸ | ਪ | - | ਪ | ਰੇ | ਗ | ਰੇ | ਸ | - | - |
| ਜ | ਲ | ਤ | ਰੰ | s | ਗ | ਜੈ | s | s | ਸਾ | s | s |
| ਮ' | - | ਮ' | ਧੁ | ਧੁ | ਧੁਮਂ' | ਸਂ | ਸਂ | ਸਂ | ਸਂ | ਸਂ | - |
| ਜਉ | s | ਪੈ | ਹ | ਮ | ਨ | ਪਾ | ਪ | ਕ | ਰੰ | s | ਤਾ |
| ਠ | ਠ | - | ਰੇਂ | - | ਗ | ਰੇਂ | - | - | ਸਂ | - | - |
| ਅ | ਹੇ | s | s | ਅ | ਨੰ | s | s | ਤਾ | s | s | |
| ਠ | ਠ | ਧੁ | ਪ | ਪ | ਰੇ | ਗ | ਰੇ | ਸ | - | ਸ | |
| ਪ | ਤਿ | ਤ | ਪਾ | ਵ | ਨ | ਨਾ | s | ਮ | ਕੈ | s | ਸੇ |
| ਸ | - | ਸ | ਪ | - | ਪ | ਰੇ | ਗ | ਰੇ | ਸ | - | - |
| ਨਾ | s | ਮ | ਕੈ | s | ਸੇ | ਹੁੰ | s | s | ਤਾ | s | s |

**ਤਬਲੇ ਦੇ ਬੋਲ:-**

ਧਿੰ ਧਿੰ ਧਾਗੇ ਤਿਰਕਿਟ ਤੂਨਾ ਕ ਤਾ ਧਾਗੇ ਤਿਰਕਿਟ ਧਿੰਨਾ

ਸ੍ਰੀ ਰਾਗ॥

Sri Rag.

ਸਿਰੀ ਰਾਗ।

ਤੋਹੀ[59] ਮੋਹੀ[60] ਮੋਹੀ ਤੋਹੀ ਅੰਤਰੁ[61] ਕੈਸਾ[62]॥

Thou[59] art me[60], I am Thou. WHat[61] is the difference[62]

ਤੂੰ[59] ਮੈਂ ਹਾਂ, ਮੈਂ ਤੂੰ ਹੈ। ਕੀ[62] ਫ਼ਰਕ[61] ਹੈ?

ਕਨਕ[63] ਕਟਿਕ[64] ਜਲ[65] ਤਰੰਗ[66] ਜੈਸਾ[67] ॥1॥

The same as[67] between gold[63] and its braceleet[64] and between water[65] and its ripples[66].

ਐਹੋ ਜੇਹਾ[63] ਜਿਹਾ[63] ਕਿ ਸੋਨੇ ਤੇ ਇਸ ਤੇ ਇਸ ਦੇ ਕੜੇ[64] ਵਿਚ ਅਤੇ ਪਾਣੀ[65] ਤੇ ਇਸ ਦੀਆਂ ਲਹਿਰ[66] ਵਿਚ।

ਜਉਪੈ[68] ਹਮ[69] ਨ ਪਾਪ[70] ਕਰੰਤਾ[71] ਅਹੇ[72] ਅਨੰਤਾ[73]॥ ਪਤਿਤ[74] ਪਾਵਨ[75] ਨਾਮੁ ਕੈਸੇ[76] ਹੁੰਤਾ[77] ॥੧॥ਰਹਾਉ॥

If[68] I[69] did not commit[71] sins[70],sins[70], O'[72] my Infinite Lord[73]! how[74] shouldest thou have gained[77] the Name of the Redeemer[75] of sinners[74] Pause.

ਜੇਕਰ[68] ਜਾਂ[69] ਗੁਨਾਹ ਨਾਂ ਕਮਾਉਂਦਾ[71] ਹੈ[72] ਮੇਰੇ ਬੇਅੰਤ ਸੁਆਮੀ! ਤਾਂ ਪਾਪੀਆਂ[74] ਨੂੰ ਪਵਿੱਤਰ ਕਰਨ ਵਾਲਾ[75] ਤੇਰਾ ਨਾਮ ਕਿਸ[76] ਤਰ੍ਹਾਂ ਪਰਪਾਤ ਹੁੰਦਾ[77]? ਠਹਿਰਾਉ।

ਤੁਮ[82] ਜੁ[78] ਨਾਇਕ[79] ਆਛਹੁ[80] ਅੰਤਰਜਾਮੀ[81]॥

Thou[82], who[78] art[80] my Master[79], art the searcher off hearts[81]

ਤੂੰ[82] ਜੋ[81] ਮੇਰਾ ਮਾਲਕ[79] ਹੈ[80], ਦਲਾਂ ਦੀਆਂ ਜਾਣਨਹ[81]ਹੈ।

ਪ੍ਰਭੂ[83] ਤੇ[84] ਜਾਨੀਜੈ[86] ਜਨ ਤੇ ਸੁਆਮੀ॥2॥

From[84] the Lord[83] is known[86] His servant[85],and from the servant his Lord.

ਸਾਹਿਬ[83] ਤੋਂ [84] ਉਸ ਦਾ ਨੌਕਰ[85] ਜਾਣਿਆਂ[86] ਜਾਂਦਾ ਹੈ ਅਤੇ ਨੌਕਰ ਤੋਂ ਉਸ ਦਾ ਮਾਲਿਕ।

ਸਰੀਰੁ[87] ਆਰਾਧੈ[88] ਮੋ ਕਉ[89] ਬੀਚਾਰੁ[90] ਦੇਹੂ[91]॥

Grant[91] me[89] the wisdom[90] to meditate[88] on Thee with my body[87].

ਮੈਨੂੰ[86] ਸਿਆਣਪ[90] ਬਖ਼ਸ਼[91] ਤਾਂ ਜੋ ਆਪਣੀ ਦੇਹਿ[87] ਨਾਲ ਤੇ ਸਿਮਰਨ[88] ਕਰਾਂ।

ਰਵਿਦਾਸ[92] ਸਮ ਦਲ[93] ਸਮਝਾਵੈ[94] ਕੋਊ[95] ॥3॥

Some rare[95] person can explain[94] to me that tthe Lord is uniformly[93] (all) O'Ravdas!

ਕੋਈ ਵਿਹਲਾ[93] ਪੁਰਸ਼ ਹੀ ਮੈਨੂੰ ਦਰਸਾ[93] ਸਕਦਾ ਹੈ ਕਿ ਸਾਹਿਬ ਸਮੁਦਾਵਾ[93] (ਸਾਰੀਆਂ) ਅੰਦਰ ਇਕ-ਸੁਰ[92] ਹੋਇਆ ਹੈ, ਹੇ ਰਵਿਦਾਸ।

# ਦੂਜੀ ਰੀਤ

ਸ੍ਰ. ਗਿਆਨ ਸਿੰਘ ਐਬਟਾਬਾਦ

| | | | | | | | | | | | |
|---|---|---|---|---|---|---|---|---|---|---|---|
| ਗ | ਰੇ੍ | ਗ | ਰੇ੍ | ਪ | ਪ | ਧੁ | ਮ' | ਧੁ | ਪ | - | - |
| ਸਾ | ਹਿ | ਬ | ਨਿ | ਤਾ | ਣਿ | ਆ | s | ਕਾ | ਤਾ | s | ਣ |
| ਨੀ | ਨੀ | ਰੇਂ | ਨੀ | ਧੁ | ਪ | ਪ | ਮ' | ਧੁ | ਪ | - | - |
| ਆ | ਇ | ਨ | ਜਾ | ਈ | s | ਥਿ | ਰੁ | ਸ | ਦਾ | s | s |
| ਨੀ | ਨੀ | ਧੁ | ਪ | ਪ | ਪ | ਪ | ਰੇ੍ | ਗ | ਰੇ੍ | ਸ | - |
| ਗੁਰ | ਸ | ਬ | ਦੀ | ਸ | ਚੁ | ਜਾ | s | s | s | s | ਣ |
| ਪ | - | ਪ | ਰੇ੍ | ਮ' | ਪ | ਸਂ | ਨੀ | ਰੇਂ | ਸਂ | - | - |
| ਜਾ | s | ਕਉ | ਮੁਸ | ਕ | ਲ਼ | ਅ | ਤਿ | ਬ | ਣੇ | s | s |
| ਨੀ | ਧੁ | ਨੀ | ਸਂ | ਸਂ | ਸਂ | ਨੀ | ਰੇਂ | ਨੀ | ਧੁ | ਪ | - |
| ਢੋ | s | ਈ | ਕੋ | ਇ | ਨ | ਦੇ | s | s | s | ਇ | s |
| ਪ | - | - | ਪ | - | - | ਪ | ਮ' | ਧੁ | ਪ | - | - |
| ਸ | ਭੋ | s | ਭ | ਜੈ | s | ਆ | s | ਸ | ਰਾ | s | s |
| ਚੂ | ਕੈ | s | ਸ | ਭ | ਅ | ਸ | ਰਾ | s | s | ਉ | s |
| ਨੀ | ਨੀ | ਰੇਂ | ਨੀ | ਧੁ | ਪ | ਰੇਂ | ਨੀ | ਧੁ | ਪ | - | - |
| ਚਿ | ਤਿ | ਆ | ਵੈ | ਉ | ਸ | ਪਾ | s | ਰ | ਬ੍ਰ | s | ਮ |
| ਰੇ੍ | ਨੀ | ਧੁ | ਪ | ਮੇ | ਗ | ਰੇ੍ | ਪ | ਮ' | ਗ | ਰੇ੍ | ਸ |
| ਲ | ਗੈ | ਨਾ | ਤ | ਤੀ | s | ਵਾ | s | ss | ss | ਓs | ss |

**ਤਬਲੇ ਦੇ ਬੋਲ:**

| | | | | | | | | | | | |
|---|---|---|---|---|---|---|---|---|---|---|---|
| ਧਾ | ਧਿੰ | ਨਾ | ਧਾ | ਤਿੰ | ਨਾ | ਧਾ | ਧਿੰ | ਨਾ | ਧਾ | ਤਿੰ | ਨਾ |

ਸਿਰੀ ਰਾਗੁ ਮਹਲਾ ੫॥

Sri Rag. Fifth Guru.

ਸਿਰੀ ਰਾਗ, ਪੰਜਵੀਂ ਪਾਤਸ਼ਾਹੀ।

ਜਾ ਕਉ[46] ਮੁਸਕਲੁ[47] ਅਤਿ[48] ਬਣੈ[49] ਢੋਈ[50] ਕੋਇ ਨ ਦੇਇ[51]॥

He who[46] is confronted[47] with dire[45] difficuulty[47] and who none offer[51] any asylum[50].

ਉਹ ਜਿਸ[46] ਉਤੇ ਭਾਰੀ[48] ਔਕੜ[47] ਆ ਬਣਦੀ[49] ਹੈ ਅਤੇ ਜਿਸ ਨੂੰ ਕੋਈ ਪਨਾਹ[50] ਨਹੀਂ ਦਿੰਦਾ[51]।

ਲਾਗੂ[52] ਹੋਇ[53] ਦੁਸਮਣਾ[54] ਸਾਕ[55] ਭਿ[56] ਭਜਿ ਖਲੇ[57]॥

ਸਭੋ[58] ਭਜੈ[59] ਆਸਰਾ[60] ਚੁਕੈ[61] ਸਭੁ ਅਸਰਾਉ[62]॥

When frineds[52] turn into[53] enemies54 and even[56] the relation[55] fleee away[57] and when all[58] the support[60] gives[58] way and all the succour[62] is at na end[61].

ਜਦ ਮਿਤ੍ਰ[52] ਵੇਰੀ[54] ਬਣ ਜਾਂਦੇ[53] ਹਨ ਅਤੇ ਰਿਸ਼ਤੇ-ਦਾਰ[55] ਭੀ[56] ਦੌੜ ਜਾਂਦੇ[57] ਹਨ ਅਤੇ ਸਮੂਹ[58] ਸਹਾਰਾ[60] ਟੁੱਟ[59] ਜਾਂਦਾ ਹੈ, ਤੇ ਸਾਰੀ ਮਦਦ[62] ਖ਼ਤਮ ਹੋ ਜਾਂਦੀ[61] ਹੈ।

ਚਿਤਿ[63] ਆਵੈ ਓਸੁ[64] ਪਾਰਬ੍ਰਹਮ[65] ਲਗੈ[66] ਨ ਤਤੀ[67] ਵਾਉ॥11॥

If he[54] then remembers[63] the Supreme[65] Lord,even the hot[67] wind[64] shall not touch[66] him.

ਜੇਕਰ ਤਦ ਉਹ[54] ਸ਼ਰੋਮਣੀ ਸਾਹਿਬ[55] ਨੂੰ ਯਾਦ[53] ਕਰ ਲਵੇ ਤਾਂ ਉਸ ਨੂੰ ਗਰਮ[67] ਹਵਾ[68] ਭੀ ਨਹੀਂ। ਛੁਹੇਗੀ[66]।

ਸਾਹਿਬ[69] ਨਿਤਾਣਿਆ[70] ਕਾ ਤਾਣੁ[71]॥

The Master[69] is the might[71] of the mightless[70].

ਮਾਲਕ[69] ਨਿਰਬਲਾਂ[79] ਦਾ ਬਲ[71] ਹੈ।

ਆਇ ਨ ਜਾਈ ਥਿਰੁ[72] ਸਦਾ[73] ਗੁਰਸਬਦੀ[74] ਸਚੁ[75] ਜਾਣਾ[76]॥1॥ ਰਹਾਉ॥

He comes and goes not it ever[73] permanent[72]. By Guru's Word[74] know[76] Him as True[75]. Pause.

ਉਹ ਆਉਂਦਾ ਤੇ ਜਾਂਦਾ ਨਹੀਂ ਅਤੇ ਸਦੀਵੀ[73] ਸਥਿਰ[72] ਹੈ। ਗੁਰਾਂ ਦੇ ਸ਼ਬਦ[74] ਦੁਆਰਾ ਉਸਨੂੰ ਸਤਿ[76]। ਠਹਿਰਾਉ।

ਜੇ[77] ਕੋ[78] ਹੋਵੈ ਦੁਬਲਾ[79] ਨੰਗ[80] ਭੁਖ[81] ਕੀ ਪੀਰ[82]॥

ਦਮੜਾ[83] ਪਲੈ[84] ਨ ਪਵੈ ਨਾ ਕੋ ਦੇਵੈ ਧੀਰ[85]॥

ਸੁਆਰਥ[86] ਸੁਆਉ[87] ਨ ਕੋ ਕਰੇ ਨਾ ਕਿਛੁ ਹੋਵੈ[88] ਕਾਜੁ[89]॥

ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ[90] ਹੋਵੈ ਰਾਜੁ[91]॥2॥

If[77] someone[78] be weak[79] from the pangs[82] of poverty[80] and hunger[81], and if he has got no money[83] in his pocket and there be none to give him consolation[85], and if no one were to gratify his aim[85] and desire[87], and no work[89] of his be accomplished[88], And if he in his heart, remember the Supreme Lord, he shall have a permanent[90] kindom[91].

ਜੇਕਰ[77] ਕੋਈ ਜਾਣਾ[78] ਕੰਗਾਲਤਾ[80] ਅਤੇ ਭੁੱਖਾ[81] ਦੇਖ ਦੀ ਪੀੜ[82] ਕਰਕੇ ਨਿਰਬਲ[79] ਹੋਵੇ ਜੇਕਰ ਉਸ ਦੀ ਦੇਬ[84] ਵਿਚ ਕੋਈ ਰੁਪਿਆ[83] ਪੈਸੈ ਨਾ ਹੋਵੇ ਅਤੇ ਉਸ ਨੂੰ ਕੋਈ ਭੀ ਧੀਰਜ ਦਲਾਸਾ[85] ਨਾ ਦੇਵੇ ਅਤੇ ਜੇਕਰ ਕੋਈ ਭੀ ਉਸ ਦਾ ਮਨੋਰਥ[86] ਤੇ ਖ਼ਾਹਿਸ਼[87] ਪੂਰੀਆਂ ਨਾ ਕਰੇ ਤੇ ਉਸ ਦਾ ਕੋਈ ਕੰਮ[89] ਨੇਪਰੇ[88] ਨਾ ਚੜ੍ਹੇ;

ਅਤੇ ਜੇਕਰ ਉਹ ਆਪਣੇ ਦਿਲ ਵਿਚ ਸ਼੍ਰੋਮਣੀ ਸਾਹਿਬ ਦਾ ਸਿਮਰਨ ਕਰ ਲਵੇ ਤਾਂ ਉਸਨੂੰ ਮੁਸਤਕਿਲ[90] ਪਾਤਸ਼ਾਹੀ[91] ਪ੍ਰਾਪਤ ਹੋਵੇਗੀ।

ਜਾ ਕਉ[92] ਚਿੰਤਾ[93] ਬਹੁਤੁ ਬਹੁਤੁ[94] ਦੇਹੀ[95] ਵਿਆਪੈ[96] ਰੋਗੁ[97]॥

He who[92] is plagued[95] by very excessive[94] annxiety[93] and bodily[95] ailment[97].

ਉਹ ਜੋ[92] ਪਰਮ ਘਣੇ[94] ਫ਼ਿਕਰ[93] ਤੇ ਸਰੀਰ ਦੀ ਬੀਮਾਰੀ[97] ਦਾ ਸਤਾਇਆ[96] ਹੋਇਆ ਹੈ;

ਗ੍ਰਿਸਤਿ[98] ਕੁਟੰਬਿ[99] ਪਲੇਟਿਆ[100] ਕਦੇ[2] ਹਰਖੁ[3] ਕਦੇ ਸੋਗੁ[4]॥

ਗਉਣੁ ਕਰੇ[5] ਚਹੁਕੁੰਟ[6] ਕਾ ਘੜੀ[7] ਨ ਬੈਸਣੁ[8] ਸੋਇ[9]॥

He who is wrapped up[100] in household[98] and family[99] and sometimes[2] feells joy[3] and sometimes sorroe[4], and wander[5] in four direction[6] and cannot sit[8] or sleep[9] even for a moment[7].

ਉਹ ਜੇ ਘਰ ਬਾਰ[98] ਤੇ ਟੱਬਰ ਕਬੀਲੇ[99] ਵਿਚ ਲਪੇਟਿਆ[100] ਹੋਇਆ ਹੈ ਅਤੇ ਕਿਸੇ ਵੇਲੇ[2] ਖ਼ੁਸ਼ੀ[3] ਤੇ ਕਿਸੇ ਵੇਲੇ ਅਫ਼ਸੋਸ[4] ਮਹਿਸੂਸ ਕਰਦਾ ਹੈ; ਅਤੇ ਚੌਹੀਂ ਪਾਸੀ[6] ਭਟਕਦਾ[5] ਫਿਰਦਾ ਹੈ ਅਤੇ ਇਕ ਮੁਹਤ[7] ਭਰ ਲਈ ਭੀ ਬੈਠਾ[8] ਜਾਂ ਸੌ[9] ਨਹੀਂ ਸਕਦਾ।

ਚਿਤਿ ਆਵੈ ਓਸੁ ਪਾਰਬ੍ਰਹਮ ਤਨੁ[10] ਮਨੁ[11] ਸੀਤਲੁ[12] ਹੋਇ॥੩॥

Were he to reflect over the Supreme Lord, his body[10] and soul[11] shall be cooled[12] (rest at peace).

ਜੇਕਰ ਉਹ ਸ਼੍ਰੋਮਣੀ ਦਾ ਅਰਾਧਨ ਕਰੇ ਤਾਂ ਉਸ ਦੀ ਦੇਹਿ[10] ਤੇ ਆਤਮਾ[11] ਠੰਢੇ[12] (ਸ਼ਾਤ) ਹੋ ਜਾਂਦੇ ਹਨ।

ਕਾਮਿ[13] ਕ੍ਰੋਧਿ[14] ਮੋਹਿ[15] ਵਸਿ[16] ਕੀਆ ਕਿਰਪਨ[17] ਲੋਭਿ[18] ਪਿਆਰੁ[19]॥

ਚਾਰੇ ਕਿਲਵਿਖ[20] ਉਨਿ[21] ਅਘ[22] ਕੀਏ[23] ਹੋਆ ਅਸੁਰ[24] ਸੰਘਾਰ[25]॥

ਪੋਥੀ[26] ਗੀਤ[27] ਕਵਿਤ[28] ਕਿਛੁ ਕਦੇ ਨ ਕਰਨਿ[29] ਧਰਿਆ[30]॥

ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ[30] ਸਿਮਰਤ ਤਰਿਆ[30*]॥੪॥

Man may be in the power[16] of lust[13], wrath[14] and worldly love[15], and be a miser[17] through love[18] of greed[18], He[21] may have committed[23] the four major sins[20] and other misdeeds[22], And be a demon[24] to kill[26] and poetery[28]. If he thinks of the Supreme Lord, then, by remembering Him even for a moment[30+], he is saves[30].

ਬੰਦਾ ਵਿਸ਼ੇਸ ਭੋਗ[13] ਗੁੱਸੇ[14] ਤੇ ਸੰਸਾਰੀ ਮਮਤਾ[15] ਦੇ ਅਖ਼ਤਿਆਰ[16] ਵਿਚ ਹੋਵੇ ਤੇ ਲਾਲਚ[18] ਦੀ ਪ੍ਰੀਤ[19] ਰਾਹੀਂ ਕੰਜੂਸ[17] ਹੋ ਗਿਆ ਹੋਵੇ;

ਉਸ[21] ਨੇ ਚਾਰੋਂ ਹੀ ਬੱਜਰ ਪਾਪ[20] ਤੇ ਹੋਰ ਕੁਕਰਮ[22] ਕੀਤੇ[23] ਹੋਣ ਤੇ ਮਾਰ ਸੁੱਟਣ[26] ਲਈ ਉਹ ਰਾਖ਼ਸ਼[24] ਹੋਵੇ ਅਤੇ ਪਵਿੱਤਰ ਪੁਸਤਕਾ[26], ਭਜਨ[27] ਤੇ ਕਵਿਤਾ[28] ਵੱਲ ਉਸ ਨੇ ਕਦਾਚਿੱਤ ਆਪਣਾ ਕੰਨ[29] ਹੀ ਨਾ ਕੀਤਾ[30] ਹੋਵੇ; ਜੇ ਉਹ ਸ਼੍ਰੋਮਣੀ ਸਾਹਿਬ ਨੂੰ ਚੇਤੇ ਕਰ ਲਵੇ ਤਦ ਉਸ ਨੂੰ ਇਕ ਮੁਹਤ[30+] ਭਰ ਲਈ ਅਰਾਧਨ ਨਾਲ ਉਹ ਪਾਰ ਉਤਰ[30] ਜਾਂਦਾ ਹੈ।